
FARM AND SPICE
Open 7 Days a Week
8.30 am to 9.00 pm
SPECIAL OFFERS: 16-22 DEC
Daily Specials on
ਇੰਗਲਿਸ਼ ਖੀਰਾ
Cucumber English
99¢ each
ਗਾਲਾ ਸੇਬ
Gala BC Apple
$1.29 /lb
ਐਂਬ੍ਰੋਸੀਆ ਸੇਬ
Ambrosia BC Apple
$1.29 /lb
ਸੰਤਰਾ ਨਿੱਕਾ/ਵਡਾ
Orange Small/Large
$1.29 /lb
ਹਰੇ ਪਿਆਜ
Green Onions
89¢ each
ਆਵੋਕਾਡੋ
Avocado
89¢ each
ਸ਼ੱਕਰਕੰਦੀ
Sweet Potato
99¢ /lb
ਘੀਆ
Oppo Long
$1.49 /lb
ਕਾਲੇ/ਲਾਲ ਅੰਗੂਰ
Black/Red Grapes
$1.99 /lb
ਜੰਬੋ ਬੈਂਗਣ
Eggplant Jumbo
$1.49 each
ਇੰਡੀਅਨ ਬੈਂਗਣ
Eggplant Indian
$1.99 /lb
ਅੱਦਰਕ
Ginger
$1.79 /lb
ਕਰੇਲਾ
Karela
$1.99 /lb
ਅਨਾਰ
Pomegranate
$2.49 each
ਲਸਣ
Garlic
1kg $3.49 each
ਐ-ਪਲਸ ਸੋਯਾ
Aplus
Soya Chunks/ Mini Chunks
200g $1.99 each
ਅਸ਼ੋਕਾ ਸਾਗ
Ashoka
Saron Ka Saag
850g $2.99 each
ਕਾਸਾਬਲੈਂਕਾ ਕੁੱਕੀਜ਼
Casablanca
Almond/mango/Cashew Cookies
340g $3.99 each
ਬਦਾਮ
Almonds
Supreme Quality
$4.49 /lb
ਸ਼ਾਨ ਮਿਕਸ ਅਚਾਰ
Shan Pickles
Mango/Chilli/Mixed Pickle
Lemon/Hyderabidi Mix
1kg $3.99 each
ਬੀ ਸੀ ਮਿਕਸ ਨਮਕੀਨ
BC Asst. Snacks
320g $2.99 each
ਬੀ ਸੀ ਮਿਕਸ ਸਵੀਟਸ
BC Asst. Sweets
boondi ladoo, besan ladoo, mathura peda
400g $5.99 each
ਆਸ਼ਾ ਪੇਸੀ ਗੁੜ
Asha Pesi Gur
1kg $3.99 each
ਬਿਕਾਨੋ ਸੂਜੀ ਰੱਸ
Bikano
Suji Rusk
$4.49 each
ਟਾਟਾ ਚਾਹ
Tata
Tea Premium
220 bags $8.99 each
ਏ ਪੱਲਸ ਚਾਵਲ
A+Plus
Everyday Basmati Rice
5kg $11.99 each
ਏ+ਪਲਸ ਤੇਲ
A+Plus
Mustard Oil
2ltr $10.99 each
ਏ+ਪਲਸ ਤੇਲ
A+Plus
Mustard Oil
5ltr $26.99 each
PUNJABI FLAVOURED KULFI ALSO AVAILABLE
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last
Curbside pick up available

# ਆਈ ਸੀ ਬੀ ਸੀ ਦੀਆਂ ਬੁਨਿਆਦੀ ਦਰਾਂ ਵਿਚ ਦੋ ਹੋਰ ਸਾਲ ਵਾਧਾ ਨਹੀਂ

ਵਿਕਟੋਰੀਆ-ਈਬੀ ਸਰਕਾਰ ਵਲੋ ਬ੍ਰਿਟਿਸ਼ ਕੋਲੰਬੀਅਨਾਂ 'ਤੇ ਰਹਿਣ-ਸਹਿਣ ਦੀ ਉੱਚ ਕੀਮਤ ਦੇ ਦਬਾਅ ਨੂੰ ਘੱਟ ਕਰਨ ਵਿੱਚ ਮਦਦ ਕਰਨ ਲਈ ਬੁਨਿਆਦੀ ਆਟੋ ਬੀਮੇ 'ਤੇ ਦੋ ਸਾਲਾਂ ਦੀ ਦਰ ਫ੍ਰੀਜ਼ ਲਈ ਅਰਜ਼ੀ ਦੇ ਰਹੀ ਹੈ। ਪ੍ਰੀਮੀਅਰ ਈਬੀ ਨੇ ਇਸ ਸਬੰਧੀ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਜੇਕਰ ਇਹ ਅਰਜੀ ਬੀ.ਸੀ. ਪ੍ਰੋਵਿੰਸ਼ੀਅਲ ਯੂਟੀਲਿਟੀਜ਼ ਕਮਿਸ਼ਨ ਦੁਆਰਾ ਪ੍ਰਵਾਨ ਹੋ ਜਾਂਦਾ ਹੈ ਤਾਂ, ਇਹ ਬੁਨਿਆਦੀ ਦਰਾਂ ਲਈ ਬਿਨਾਂ ਕਿਸੇ ਵਾਧੇ ਦੇ ਪੰਜ ਸਾਲਾਂ ਲਈ ਚਿੰਨ੍ਹਿਤ ਕਰੇਗਾ। ਇਹ ਘੋਸ਼ਣਾ ਉਦੋਂ ਆਈ ਹੈ ਜਦੋਂ ਆਈਸੀਬੀਸੀ ਨੇ 2022-23 ਵਿੱਤੀ ਸਾਲ ਦੀ ਪਹਿਲੀ ਛਿਮਾਹੀ ਲਈ 117 ਮਿਲੀਅਨ ਡਾਲਰ ਦੀ ਸ਼ੁੱਧ ਆਮਦਨ ਦੀ ਰਿਪੋਰਟ ਕੀਤੀ, ਘੱਟ ਨਿਵੇਸ਼ ਆਮਦਨੀ ਅਤੇ ਗਿਰਾਵਟ ਦੁਆਰਾ ਬੀਮਾਕਰਤਾ ਦੇ ਇਕੁਇਟੀ ਨਿਵੇਸ਼ਾਂ ਦੇ ਮੁੱਲ ਵਿੱਚ ਮਹੱਤਵਪੂਰਨ ਗਿਰਾਵਟ ਦੇ ਨਾਲ। ਸਤੰਬਰ ਵਿੱਚ ਜਾਰੀ ਇੱਕ ਵਿੱਤੀ ਅਪਡੇਟ ਵਿੱਚ, ਇਛਬਛ ਦਾ ਕਹਿਣਾ ਹੈ ਕਿ ਹੋਰ ਬੀਮਾ ਕੰਪਨੀਆਂ ਵਾਂਗ, ਇਹ ਦਾਅਵੇ ਦੀ ਲਾਗਤ ਨੂੰ ਆਫਸੈੱਟ ਕਰਨ ਅਤੇ ਪ੍ਰੀਮੀਅਮਾਂ ਨੂੰ ਘਟਾਉਣ ਲਈ ਇੱਕ ਨਿਵੇਸ਼ ਪੋਰਟਫੋਲੀਓ 'ਤੇ ਨਿਰਭਰ ਕਰਦਾ ਹੈ ਅਤੇ ਇਸ ਨੇ ਮੰਨਿਆ ਕਿ ਮਾਰਕੀਟ ਦੀ ਅਸਥਿਰਤਾ ਹੋਰ ਨੁਕਸਾਨ ਦਾ ਕਾਰਨ ਬਣ ਸਕਦੀ ਹੈ।

# ਮੁਸਲਿਮ ਨਸਲਕੁਸ਼ੀ, ਸਮੂਹਿਕ ਧਰਮ ਪਰਿਵਰਤਨ 'ਤੇ ਚਰਚਾ ਕਰਦੀ ਵਟਸਅਪ ਹੋਈ ਲੀਕ

ਨਵੀਂ ਦਿੱਲੀ- ਭਾਜਪਾ ਦੇ ਵਿਦਿਆਰਥੀ ਵਿੰਗ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਦੀ ਲੀਕ ਹੋਈ ਵਟਸਐਪ ਚੈਟ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਘੁੰਮ ਰਹੀ ਹੈ ਜਿੱਥੇ ਵਿਦਿਆਰਥੀ ਕਾਰਕੁਨ ਭਾਰਤ ਵਿੱਚ ਮੁਸਲਮਾਨਾਂ ਦੀ ਨਸਲਕੁਸ਼ੀ ਬਾਰੇ ਚਰਚਾ ਕਰਦੇ ਦੇਖੇ ਜਾ ਸਕਦੇ ਹਨ। ਕਸ਼ਮੀਰ ਮੀਡੀਆ ਸਰਵਿਸ ਦੇ ਅਨੁਸਾਰ, ਚੈਟ ਦਿੱਲੀ ਟੈਕਨਾਲੋਜੀਕਲ ਯੂਨੀਵਰਸਿਟੀ (ਡੀਟੀਯੂ) ਦੇ ਏਬੀਵੀਪੀ ਵਟਸਐਪ ਗਰੁੱਪ ਤੋਂ ਕੀਤੀ ਗਈ ਹੈ। ਗਰੁੱਪ ਦਾ ਨਾਮ "ਅਭੜਫ ਧਠੂ ਫਰੈਸ਼ਰ" ਹੈ, ਚੈਟ ਅਤੇ ਸੰਦੇਸ਼ਾਂ ਦੇ ਸਕਰੀਨਸ਼ਾਟ ਇਸ ਸਮੂਹ ਦੇ ਕਈ ਮੈਂਬਰ ਮੁਸਲਮਾਨਾਂ ਦੀ ਨਸਲਕੁਸ਼ੀ ਅਤੇ ਸਮੂਹਿਕ ਧਰਮ ਪਰਿਵਰਤਨ ਬਾਰੇ ਚਰਚਾ ਕਰਦੇ ਦਿਖਾਉਂਦੇ ਹਨ। ਗੱਲਬਾਤ ਵਿੱਚ ਇੱਕ ਮੈਂਬਰ ਨੇ ਸੁਝਾਅ ਦਿੱਤਾ ਹੈ ਕਿ "ਜ਼ਿਆਦਾਤਰ ਮੁਸਲਮਾਨਾਂ ਨੂੰ ਖ਼ਤਮ ਕਰਨ" ਲਈ ਇੱਕ ਬੰਬ ਧਮਾਕਾ ਜਾਂ "ਹੋਰ ਦੁਰਘਟਨਾ" ਦੀ ਸਾਜ਼ਿਸ਼ ਇੱਕ ਮੁਸਲਿਮ-ਭਾਗ ਵਾਲੇ ਖੇਤਰ ਵਿੱਚ ਕੀਤੀ ਜਾਵੇ, ਜਦੋਂ ਕਿ ਇੱਕ ਹੋਰ ਨੇ "ਭਾਗਵਾ ਲਵ ਜੇਹਾਦ" ਚਲਾਉਣ ਲਈ ਮੁਸਲਮਾਨ ਔਰਤਾਂ ਨੂੰ "ਖਰੀਦਣ ਜਾਂ ਅਗਵਾ" ਕਰਨ ਦਾ ਸੁਝਾਅ ਦਿੱਤਾ। "ਇੱਕ ਹੋਰ ਵਿਅਕਤੀ, ਜੋ ਗੱਲਬਾਤ ਦਾ ਹਿੱਸਾ ਸੀ, ਨੇ ਕਿਹਾ ਕਿ ਮੁਸਲਮਾਨਾਂ ਦੀ ਸਮੂਹਿਕ ਨਸਲਕੁਸ਼ੀ ਜਾਂ ਸਮੂਹਿਕ ਨਸਬੰਦੀ ਦੀ ਸਾਜ਼ਿਸ਼ ਰਚੀ ਜਾਣੀ ਚਾਹੀਦੀ ਹੈ। ਉਸੇ ਉਪਭੋਗਤਾ ਨੇ ਇਹ ਵੀ ਰਾਏ ਦਿੱਤੀ ਹੈ ਕਿ ਹਿੰਦੂ ਮਹਾਸਭਾ ਜਾਂ ਹੋਰ ਸੱਜੇ-ਪੱਖੀ ਹਿੰਦੂਤਵੀ ਸਮੂਹਾਂ ਨੂੰ "ਮੁਸਲਿਮ ਕੁੜੀਆਂ ਨਾਲ ਵਿਆਹ ਕਰਨ ਅਤੇ ਉਨ੍ਹਾਂ ਨੂੰ ਹਿੰਦੂ ਬਣਾਉਣ ਲਈ ਲਹਿਰ ਸ਼ੁਰੂ ਕਰਨੀ ਚਾਹੀਦੀ ਹੈ।

# ਕੈਨੇਡਾ 'ਚ ਇੰਮੀਗ੍ਰੇਸ਼ਨ ਅਰਜ਼ੀਆਂ ਦਾ ਬੈਕਲਾਗ ਘਟ ਕੇ 22 ਲੱਖ 'ਤੇ ਪੁੱਜਿਆ



ਔਟਵਾ:ਕੈਨੇਡਾ ਦੀਆਂ ਇੰਮੀਗ੍ਰੇਸ਼ਨ ਅਰਜ਼ੀਆਂ ਦਾ ਬੈਕਲਾਗ 26 ਲੱਖ ਤੋਂ ਘਟ ਕੇ 22 ਲੱਖ 'ਤੇ ਆ ਗਿਆ ਹੈ। ਇਸ ਦੌਰਾਨ ਸਿਟੀਜ਼ਨਸ਼ਿਪ ਸਣੇ ਬਾਕੀ ਦੀਆਂ ਅਰਜ਼ੀਆਂ ਵਿੱਚ ਭਾਵੇਂ ਗਿਰਾਵਟ ਦੇਖਣ ਨੂੰ ਮਿਲੀ, ਪਰ ਪੀ.ਆਰ. ਲਈ ਆਈਆਂ ਅਰਜ਼ੀਆਂ ਵਿੱਚ ਵਾਧਾ ਦੇਖਣ ਨੂੰ ਮਿਲਿਆ। ਇਸ ਦੇ ਚਲਦਿਆਂ ਇਹ ਮੰਨਿਆ ਜਾ ਸਕਦਾ ਹੈ ਕਿ ਭਾਵੇਂ ਅਰਜ਼ੀਆਂ ਦੇ ਬੈਕਲਾਗ ਵਿੱਚ ਲਗਾਤਾਰ ਗਿਰਾਵਟ ਦਰਜ ਕੀਤੀ ਜਾ ਰਹੀ ਹੈ, ਪਰ ਇਸ ਦੀ ਗਤੀ ਥੋੜੀ ਹੌਲੀ ਚੱਲ ਰਹੀ ਹੈ, ਜਿਸ ਦੇ ਚਲਦਿਆਂ ਇਨ੍ਹਾਂ ਅਰਜ਼ੀਆਂ ਦੇ ਸਾਰੇ ਬੈਕਲਾਗ ਨਾਲ ਨਜਿੱਠਣ ਲਈ ਕਾਫ਼ੀ ਸਮਾਂ ਲੱਗ ਸਕਦਾ ਐ, ਪਰ ਇੰਮੀਗ੍ਰੇਸ਼ਨ ਵਿਭਾਗ ਬੈਕਲਾਗ ਨੂੰ ਘਟਾਉਣ ਦੇ ਆਪਣੇ ਟੀਚੇ ਨੂੰ ਸਰ ਕਰਨ ਲਈ ਨਵੇਂ-ਨਵੇਂ ਕਦਮ ਚੁੱਕ ਰਿਹਾ ਹੈ।


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।




Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



www.accuraterailing.com

AccurateRailing & AWNING LTD




* Topline Aluminum Patio Cover
* Car Ports * Insulated Patio Roof
* Gate or SDP Acrylic Patio Roof
* Custom Built Sunroom Enclosures

* Aluminum Picket Railing
* Glass Railing * Aluminum Fences
* Driveway Power or Manual Sliding & Swing Gate
* Window Security Bars

* ਪੈਟੀਓ ਕਵਰ
* ਅਲਮੀਨੀਅਮ ਰੇਲਿੰਗ
* ਗਲਾਸ ਰੇਲਿੰਗ * ਅਲਮੀਨੀਅਮ ਫੈਂਸ
* ਡਰਾਈਵੇਅ ਸਲਾਈਡਿੰਗ ਡੋਰ (ਪਾਵਰ ਜਾਂ ਮੈਨੂਅਲ)
* ਵਿੰਡੋ ਸਿਕਉਰਟੀ ਬਾਰ

For more information call:
Avtar S. Devgan or Jagtar S. Devgan
Ph: 604-596-6512
Cell: 604-866-1432 * Cell: 604-961-8767
Unit # 126, 130 - 12639 - 80th Avenue, Surrey





Charlesworth insurance services ltd.

Servicing the following insurance needs:

- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer

ICBC autoplan VISA MasterCard

"For Fast, Friendly and Reliable Service!"



Phone: 604-852-2565
Fax: 852-2996

OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4



KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com

Wedding Cards
ਵਿਆਹ ਦੇ ਕਾਰਡ



Best Rates
ਵਿਆਹ ਦੇ ਕਾਰਡ

Letterheads,
Business Cards, Envelops
Invoices, Flyers,
Folding, Stitching,
Numbering, Rubbers Stamps,
Receipt Books, Brochures
All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਇਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਵੱਲੋਂ ਸਿਆਸਤ ‘ਚ ਆਉਣ ਦੇ ਸੰਕੇਤ

ਮਾਨਸਾ - ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਪਿੰਡ ਮੂਸਾ ਵਿਚ ਸੰਬੋਧਨ ਕਰਦਿਆਂ ਸਿਆਸਤ ਵਿਚ ਆਉਣ ਦੇ ਸੰਕੇਤ ਦਿੱਤੇ। ਉਨ੍ਹਾਂ ਕਿਹਾ ਕਿ ਕੋਈ ਪੁੱਤ ਦੇ ਸੱਥਰ ਤੋਂ ਉੱਠ ਕੇ ਲੀਡਰ ਨਹੀਂ ਬਣ ਸਕਦਾ, ਪਰ ਜੇਕਰ ਪੁੱਤ ਦੇ ਇਨਸਾਫ਼ ਲਈ ਉਨ੍ਹਾਂ ਨੂੰ ਸਿਆਸਤਦਾਨ ਵੀ ਬਣਨਾ ਪਿਆ, ਤਾਂ ਉਹ ਝਿਜਕਣਗੇ ਨਹੀਂ। ਬਲਕੌਰ ਸਿੰਘ ਨੇ ਕਿਹਾ ਕਿ ਗੁਮਰਾਹ ਹੋਏ ਗੈਂਗਸਟਰਾਂ ਕਰਕੇ ਇੱਕ ਸਿੱਧੂ ਚਲਾ ਗਿਆ ਹੈ, ਪਰ ਉਹ ਨਹੀਂ ਚਾਹੁੰਦੇ ਕਿ ਪੰਜਾਬ ਵਿਚ ਹੋਰ ਕਿਸੇ ਮਾਂ ਦਾ ਪੁੱਤ ਅਣਆਈ ਮੌਤ ਮਰੇ।

ਲੋਕਾਂ ਨੂੰ ਸੰਬੋਧਨ ਕਰਦਿਆਂ ਬਲਕੌਰ ਸਿੰਘ ਨੇ ਕਿਹਾ ਕਿ ਪੰਜਾਬੀ ਗਾਇਕ ਬੱਬੂ ਮਾਨ ਨੇ ਮਾਨਸਾ ਪੁਲਿਸ ਵੱਲੋਂ ਕੀਤੀ ਗਈ ਪੁੱਛ-ਪੜਤਾਲ ਮਗਰੋਂ ਕਿਹਾ ਹੈ ਕਿ ਉਸ ਦਾ ਸਿੱਧੂ ਮੂਸੇਵਾਲਾ ਨਾਲ ਕੋਈ ਝਗੜਾ ਨਹੀਂ ਸੀ, ਸਿਰਫ਼ ਸਟੇਜੀ ਰੌਲਾ ਸੀ।

ਬਲਕੌਰ ਸਿੰਘ ਨੇ ਕਿਹਾ ਕਿ ਥੋੜ੍ਹੇ ਸਮੇਂ ਵਿਚ ਸਿੱਧੂ ਮੂਸੇਵਾਲਾ ਵੱਲੋਂ ਪ੍ਰਾਪਤ ਕੀਤੀ ਗਈ ਬੁਲੰਦੀ ਕਾਰਨ ਬੱਬੂ ਮਾਨ ਸਣੇ ਕਈ ਵੱਡੇ ਗਾਇਕ ਉਸ ਤੋਂ ਖਾਰ ਖਾਣ ਲੱਗੇ ਸਨ। ਬਲਕੌਰ ਸਿੰਘ ਨੇ ਦੱਸਿਆ ਕਿ ਦਿੜ੍ਹਬਾ ਵਿਚ ਇੱਕ ਸ਼ੋਅ ਦੌਰਾਨ ਦੋਹਾਂ ਵਿਚਾਲੇ ਸਮੱਸਿਆ ਸ਼ੁਰੂ ਹੋਈ ਸੀ।

ਉਨ੍ਹਾਂ ਦੱਸਿਆ ਕਿ ਵਿੱਕੀ ਮਿੱਡੂਖੇੜਾ ਦੇ ਕਤਲ ਤੋਂ



ਬਾਅਦ ਉਹ ਖ਼ੁਦ ਸ਼ੁਭਦੀਪ ਸਿੰਘ ਨੂੰ ਨਾਲ ਲੈ ਕੇ ਉਨ੍ਹਾਂ ਦੇ ਘਰ ਅਫ਼ਸੋਸ ਕਰ ਕੇ ਆਏ ਸਨ, ਪਰ ਮਿੱਡੂਖੇੜਾ ਦੇ ਘਰ ਦਾ ਕੋਈ ਵੀ ਜੀਅ ਹੁਣ ਤੱਕ ਉਨ੍ਹਾਂ ਕੋਲ ਦੁੱਖ ਪ੍ਰਗਟ ਕਰਨ ਨਹੀਂ ਆਇਆ। ਉਨ੍ਹਾਂ ਕਿਹਾ ਕਿ ਗੈਂਗਸਟਰਾਂ ਕੋਲ ਕੀਤੀਆਂ ਗਈਆਂ ਝੂਠੀਆਂ ਸ਼ਿਕਾਇਤਾਂ ਕਰ ਕੇ ਹੀ ਸ਼ੁਭਦੀਪ ਸਿੰਘ ਦੀ ਜਾਨ ਗਈ ਹੈ।

## (ਮੁੱਖ ਪੰਨੇ ਦੀ ਬਾਕੀ)

ਸਥਿਤ ਡਿਫੈਂਸ ਪੀਆਰਓ ਨੇ ਬੀਬੀਸੀ ਨੂੰ ਦੱਸਿਆ ਕਿ 9 ਦਸੰਬਰ ਨੂੰ ਪੀਐਲਏ ਦੇ ਫੌਜੀ ਅਰੁਣਾਚਲ ਪ੍ਰਦੇਸ਼ ਦੇ ਤਵਾਂਗ ਸੈਕਟਰ ਵਿੱਚ ਵੜੇ। ਜਿਸ ਤੋਂ ਬਾਅਦ ਭਾਰਤ ਨੇ ਜਵਾਬੀ ਕਾਰਵਾਈ ਕੀਤੀ। ਇਸ ਝੜਪ ਵਿੱਚ ਦੋਵਾਂ ਪਾਸਿਆਂ ਦੇ ਫੌਜੀਆਂ ਨੂੰ ਕੁਝ ਸੱਟਾਂ ਲੱਗੀਆਂ ਹਨ। ਭਾਰਤੀ ਫੌਜ ਮੁਤਾਬਕ ਦੋਵਾਂ ਮੁਲਕਾਂ ਦੇ ਫੌਜੀ ਤੁਰੰਤ ਘਟਨਾ ਵਾਲੀ ਥਾਂ ਤੋਂ ਪਿੱਛੇ ਹਟ ਗਏ ਹਨ। ਦਿ ਹਿੰਦੂ ਅਖ਼ਬਾਰ ਨੇ ਭਾਰਤੀ ਸੁਰੱਖਿਆ ਅਧਿਕਾਰੀਆਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਅਰੁਣਾਚਲ ਦੇ ਤਵਾਂਗ ਵਿੱਚ ਹੋਈ ਝੜਪ ਵਿੱਚ ਭਾਰਤੀ ਫੌਜ ਦੇ ਮੁਕਾਬਲੇ ਚੀਨੀ ਫੌਜੀ ਵਧੇਰੇ ਗਿਣਤੀ ਵਿੱਚ ਜ਼ਖਮੀ ਹੋਏ ਹਨ। 15 ਜੂਨ 2020 ਵਿੱਚ ਲੱਦਾਖ ਦੀ ਗਲਵਾਨ ਘਾਟੀ ਵਿੱਚ ਹੋਈ ਹਿੰਸਕ ਝੜਪ ਤੋਂ ਬਾਅਦ ਇਹ ਇਸ ਤਰ੍ਹਾਂ ਦਾ ਪਹਿਲਾ ਮਾਮਲਾ ਹੈ। ਉਸ ਸਮੇਂ 20 ਭਾਰਤੀ ਜਵਾਨ ਮਾਰੇ ਗਏ ਸਨ ਅਤੇ ਕਈ ਜ਼ਖਮੀ ਹੋਏ ਸਨ। ਦਿ ਟ੍ਰਿਬਿਊਨ ਅਖ਼ਬਾਰ ਨੇ ਲਿਖਿਆ ਹੈ ਕਿ ਇਸ ਇਲਾਕੇ ਵਿੱਚ ਪਹਿਲਾਂ ਵੀ ਭਾਰਤੀ ਅਤੇ ਚੀਨੀ ਫੌਜੀ ਆਹਮੋ-ਸਾਹਮਣੇ ਹੁੰਦੇ ਰਹੇ ਹਨ। ਹਾਲਾਂਕਿ ਭਾਰਤ ਸਰਕਾਰ ਦੀ ਇਸ ਮਾਮਲੇ ਵਿੱਚ ਕੋਈ ਅਧਿਕਾਰਿਤ ਟਿੱਪਣੀ ਨਹੀਂ ਆਈ ਹੈ। ਚੀਨ ਨੇ ਵੀ ਕੋਈ ਬਿਆਨ ਜਾਰੀ ਨਹੀਂ ਕੀਤਾ।

ਭਾਰਤੀ ਫੌਜ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਅਰੁਣਾਚਲ ਪ੍ਰਦੇਸ਼ ਵਿੱਚ ਤਵਾਂਗ ਸੈਕਟਰ ਵਿੱਚ ਐਲਏਸੀ ਦੇ ਨਾਲ-ਨਾਲ ਕੁਝ ਖੇਤਰਾਂ ਵਿੱਚ ਵੱਖੋ-ਵੱਖਰੀਆਂ ਧਾਰਨਾਵਾਂ ਦੇ ਖੇਤਰ ਹਨ। ਇੱਥੇ ਦੋਵੇਂ ਧਿਰਾਂ ਆਪਣੇ ਦਾਅਵੇ ਦੀਆਂ ਲਾਈਨਾਂ ਤੱਕ ਖੇਤਰ ਵਿੱਚ ਗਸ਼ਤ ਕਰਦੀਆਂ ਹਨ। “9 ਦਸੰਬਰ 2022 ਨੂੰ ਪੀਐਲਏ ਦੀਆਂ ਟੁੱਕੜੀਆਂ ਤਵਾਂਗ ਸੈਕਟਰ ਵਿੱਚ ਐਲਏਸੀ ਦੇ ਸੰਪਰਕ ਵਿੱਚ ਆਈਆਂ। ਜਿਸਦਾ ਆਪਣੇ ਫੌਜੀਆਂ ਵੱਲੋਂ ਦ੍ਰਿੜਤਾ ਨਾਲ ਮੁਕਾਬਲਾ ਕੀਤਾ ਗਿਆ। ਆਹਮੋ-ਸਾਹਮਣੇ ਹੋਣ ਕਾਰਨ ਦੋਵਾਂ ਪਾਸਿਆਂ ਦੇ ਕੁਝ ਜਵਾਨਾਂ ਨੂੰ ਮਾਮੂਲੀ ਸੱਟਾਂ ਲੱਗੀਆਂ।” “ਦੋਵੇਂ ਮੁਲਕਾਂ ਦੇ ਫੌਜੀਆਂ ਨੂੰ ਤੁਰੰਤ ਇੱਕ-ਦੂਜੇ ਤੋਂ ਵੱਖ ਕੀਤਾ ਗਿਆ। ਘਟਨਾ ਦੀ ਪੈਰਵੀ ਲਈ ਕਮਾਂਡਰ ਨੇ ਸ਼ਾਂਤੀ ਅਤੇ ਸ਼ਾਂਤੀ ਬਹਾਲ ਲਈ ਚਰਚਾ ਕਰਨ ਲਈ ਆਪਣੇ ਹਮਰੁਤਬਾ ਨਾਲ ਫਲੈਗ ਮੀਟਿੰਗ ਕੀਤੀ।”

ਤਵਾਂਗ ਵਿੱਚ ਚੀਨੀ ਫੌਜੀਆਂ ਦੇ ਨਾਲ ਝੜਪ ਦੀਆਂ ਖ਼ਬਰਾਂ ਉੱਤੇ ਕਾਂਗਰਸ ਨੇ ਭਾਜਪਾ ਸਰਕਾਰ ਉੱਤੇ ਨਿਸ਼ਾਨਾ ਸਾਧਦੇ ਹੋਏ ਢਿੱਲਾ ਰਵੱਈਆ ਛੱਡਣ ਲਈ ਕਿਹਾ ਹੈ। ਕਾਂਗਰਸ ਨੇ ਟਵੀਟ ਕੀਤਾ, ’’ਅਰੁਣਾਚਲ ਪ੍ਰਦੇਸ਼ ਦੇ ਤਵਾਂਗ ਸੈਕਟਰ ਵਿੱਚ ਭਾਰਤ-ਚੀਨ ਵਿਚਾਲੇ ਝੜਪ ਦੀ ਖ਼ਬਰ ਹੈ। ਵੇਲਾ ਆ ਗਿਆ ਹੈ ਕਿ ਸਰਕਾਰ ਢਿੱਲਾ ਰਵੱਈਆ ਛੱਡ ਕੇ ਸਖ਼ਤ ਲਹਿਜ਼ੇ ਵਿੱਚ ਚੀਨ ਨੂੰ ਸਮਝਾਵੇ ਕਿ ਉਸਦੀ ਇਹ ਹਰਕਤ ਬਰਦਾਸ਼ਤ ਨਹੀਂ ਕੀਤੀ ਜਾਵੇਗੀ।‘ ’ਏਆਈਐਮਆਈਐਮ ਚੀਫ਼ ਅਤੇ ਹੈਦਰਾਬਾਦ ਤੋਂ ਸੰਸਦ ਮੈਂਬਰ ਅਸਦੁਦੀਨ ਓਵੈਸੀ ਨੇ ਸਰਕਾਰ ਉੱਤੇ ਸਵਾਲ ਚੁੱਕਿਆ ਹੈ ਕਿ ਸਰਕਾਰ ਨੇ ਇੰਨੇ ਦਿਨਾਂ ਤੱਕ ਝੜਪ ਦੀ ਖ਼ਬਰ ਕਿਉਂ ਲੁਕਾਈ ਜਦਕਿ ਸੰਸਦ ਦਾ ਸਰਦ ਰੁੱਤ ਇਜਲਾਸ ਚੱਲ ਰਿਹਾ ਹੈ।

ਉਨ੍ਹਾਂ ਨੇ ਲਿਖਿਆ, ’’ਅਰੁਣਾਚਲ ਪ੍ਰਦੇਸ਼ ਤੋਂ ਜੋ ਖ਼ਬਰ ਆ ਰਹੀ ਹੈ ਉਹ ਚਿੰਤਾਜਨਕ ਹੈ। ਭਾਰਤ ਅਤੇ ਚੀਨ ਦੇ ਫੌਜੀਆਂ ਵਿਚਾਲੇ ਵੱਡੀ ਝੜਪ ਹੋਈ ਹੈ ਅਤੇ ਸਰਕਾਰ ਨੇ ਦੇਸ਼ ਨੂੰ ਕਈ ਦਿਨਾਂ ਤੱਕ ਹਨੇਰੇ ਵਿੱਚ ਰੱਖਿਆ। ਜਦੋਂ ਸੰਸਦ ਦਾ ਸਰਦ ਰੁੱਤ ਇਜਲਾਸ ਚੱਲ ਰਿਹਾ ਹੈ ਤਾਂ ਸੰਸਦ ਨੂੰ ਇਸ ਬਾਰੇ ਕਿਉਂ ਨਹੀਂ ਦੱਸਿਆ ਗਿਆ?’’

ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਝੜਪ ਦੀ ਜੋ ਜਾਣਕਾਰੀ ਸਾਹਮਣੇ ਆ ਰਹੀ ਹੈ ਉਹ ਸਪੱਸ਼ਟ ਨਹੀਂ ਹੈ। ਓਵੈਸੀ ਨੇ ਪੁੱਛਿਆ, ’’ਝੜਪ ਦਾ ਕਾਰਨ ਕੀ ਸੀ? ਕੀ ਗੋਲੀਆਂ ਚੱਲੀਆਂ ਜਾਂ ਫਿਰ ਇਹ ਗਲਵਾਨ ਦੀ ਤਰ੍ਹਾਂ ਸੀ? ਉਨ੍ਹਾਂ ਦੀ ਸਥਿਤੀ ਕੀ ਸੀ? ਕਿੰਨੇ ਫੌਜੀ ਜ਼ਖ਼ਮੀ ਹੋਏ? ਸੰਸਦ ਚੀਨ ਨੂੰ ਸਖ਼ਤ ਸੰਦੇਸ਼ ਦੇਣ ਲਈ ਆਪਣੇ ਫੌਜੀਆਂ ਦਾ ਸਾਥ ਕਿਉਂ ਨਹੀਂ ਦੇ ਸਕਦੀ?

ਓਵੈਸੀ ਨੇ ਕਿਹਾ, “ਫੌਜ ਚੀਨ ਨੂੰ ਮੂੰਹ ਤੋੜ ਜਵਾਬ ਦੇਣ ਲਈ ਤਿਆਰ ਹੈ। ਮੋਦੀ ਦੀ ਅਗਵਾਈ ਵਿੱਚ ਇਹ ਕਮਜ਼ੋਰ ਨੁਮਾਇੰਦਗੀ ਹੀ ਹੈ ਜਿਸ ਕਾਰਨ ਭਾਰਤ ਨੂੰ ਚੀਨ ਦੇ ਸਾਹਮਣੇ ਬੇਇੱਜ਼ਤ ਹੋਣਾ ਪਿਆ। ਸੰਸਦ ਵਿੱਚ ਇਸ ਉੱਤੇ ਤਤਕਾਲ ਚਰਚਾ ਦੀ ਲੋੜ ਹੈ।

# ਕੈਨੇਡਾ ’ਚੋਂ ਪੰਜਾਬੀਆਂ ਲਈ ਇਕ ਹੋਰ ਮੰਦਭਾਗੀ ਖ਼ਬਰ

ਐਡਮਿੰਟਨ: ਕੈਨੇਡਾ ਤੋਂ ਪੰਜਾਬੀਆਂ ਲਈ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਮੰਦਭਾਗੀ ਖ਼ਬਰਾਂ ਸਾਹਮਣੇ ਆ ਰਹੀ ਨੇ। ਤਾਜ਼ਾ ਮਾਮਲਾ ਅਲਬਰਟਾ ਦੇ ਐਡਮਿੰਟਨ ਤੋਂ ਸਾਹਮਣੇ ਆ ਰਿਹਾ ਹੈ, ਜਿੱਥੇ 24 ਸਾਲ ਦੇ ਸਨਰਾਜ ਸਿੰਘ ਦਾ ਗੋਲੀਆਂ ਮਾਰ ਕਤਲ ਕਰ ਦਿੱਤਾ ਗਿਆ। ਜਦਕਿ ਇਸ ਤੋਂ ਪਹਿਲਾਂ ਸਰੀ ’ਚ ਹਰਪ੍ਰੀਤ ਕੌਰ ਅਤੇ ਮਿਸੀਸਾਗਾ ’ਚ ਪਵਨਪ੍ਰੀਤ ਕੌਰ ਦੇ ਕਤਲ ਦੀ ਘਟਨਾ ਵਾਪਰੀ ਸੀ। ਸ਼ਾਂਤੀ ਪਸੰਦ ਦੇਸ਼ ਕੈਨੇਡਾ ਵਿੱਚ ਪੰਜਾਬੀ ਭਾਈਚਾਰੇ ਨਾਲ ਇਹੋ ਜਿਹੀਆਂ ਘਟਨਾਵਾਂ ਵਾਪਰਨਾ ਵੱਡੇ ਸਵਾਲ ਖੜ੍ਹੇ ਕਰਦੀਆਂ ਨੇ।

BADH
26 Years Experience in Accounting
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
» Express Entry (PR)
» FSW, FST
» Canadian Experience Class
» LMIA & Work Permit
» PNP
» Spousal (Marriage) Sponsorship
» Business (Investor) Visa
» Study Visa
» Care-giver (Nanny)
» Visitor Visa
» Super Visa
» Citizenship Application
» Refusal Cases
» IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਚੀਨ ‘ਤੇ ਨਜ਼ਰ ਰੱਖਣ ਲਈ ਭਾਰਤ ਨਵੇਂ ਡਰੋਨ ਤਾਇਨਾਤ ਕਰ ਰਿਹਾ ਹੈ

ਦਿੱਲੀ:-ਭਾਰਤ ਮਾਨਵ ਰਹਿਤ ਹਵਾਈ ਵਾਹਨਾਂ ਦੇ ਨਵੇਂ ਡਰੋਨ ਯੂਨਿਟਾਂ ਦੀ ਤਾਇਨਾਤੀ ਦੇ ਨਾਲ ਪੂਰਬੀ ਲੱਦਾਖ ਤੋਂ ਸਿੱਕਮ ਤੱਕ ਅਸਲ ਕੰਟਰੋਲ ਰੇਖਾ (ਲ਼ਅਛ) ਦੇ ਨਾਲ ਆਪਣੀ ਨਿਗਰਾਨੀ ਸਮਰੱਥਾ ਨੂੰ ਮਜ਼ਬੂਤ ਕਰ ਰਿਹਾ ਹੈ। ਇਹ 48 ਘੰਟਿਆਂ ਤੱਕ ਮਿਸ਼ਨ ਨੂੰ ਪੂਰਾ ਕਰ ਸਕਦੇ ਹਨ। “ਅਡਵਾਂਸਡ ਨਿਗਰਾਨੀ ਸਮਰੱਥਾਵਾਂ ਅਤੇ ਲੰਬੇ ਸਮੇਂ ਤੱਕ ਸਹਿਣਸ਼ੀਲਤਾ ਵਾਲੇ ਨਵੇਂ ਡਰੋਨ ਤਾਇਨਾਤ ਕੀਤੇ ਜਾ ਰਹੇ ਹਨ। ਏਐਨਆਈ ਨੇ ਰੱਖਿਆ ਸੂਤਰਾਂ ਦੇ ਹਵਾਲੇ ਨਾਲ ਕਿਹਾ ਕਿ ਇਹ ਪੂਰਬੀ ਲੱਦਾਖ ਸੈਕਟਰ ਅਤੇ ਸਿੱਕਮ ਦੇ ਨਾਲ-ਨਾਲ ਇਸ ਦੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਚੀਨੀ ਫੌਜੀ ਗਤੀਵਿਧੀਆਂ ‘ਤੇ ਨਜ਼ਰ ਰੱਖਣਗੇ। ਉਨ੍ਹਾਂ ਨੇ ਕਿਹਾ ਕਿ ਜਦੋਂ ਇੱਕ ਸਕੁਐਡਰਨ ਪੂਰਬੀ ਲੱਦਾਖ ਸੈਕਟਰ ਦੇ ਨੇੜੇ ਤਾਇਨਾਤ ਹੈ, ਤਾਂ ਦੂਜਾ ਪੂਰਬ ਵਿੱਚ ਚਿਕਨਜ਼ ਨੇਕ ਸੈਕਟਰ ਦੇ ਨੇੜੇ ਹੋਵੇਗਾ।

ਸੂਤਰਾਂ ਨੇ ਕਿਹਾ ਕਿ ਨਵੇਂ ਡਰੋਨ ਸਟਰਾਈਕ ਸਮਰੱਥਾਵਾਂ ਨਾਲ ਲੈਸ ਨਹੀਂ ਹਨ ਪਰ ਉਨ੍ਹਾਂ ਕੋਲ ਉਨ੍ਹਾਂ ਮਾਪਦੰਡਾਂ ਨੂੰ ਅਪਗ੍ਰੇਡ ਕਰਨ ਦਾ ਵਿਕਲਪ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤੀ ਬਲਾਂ ਨੇ ਇਨ੍ਹਾਂ ਡਰੋਨਾਂ ਨੂੰ ਸੈਟੇਲਾਈਟ ਸੰਚਾਰ ਲਿੰਕਾਂ ਨਾਲ ਹਾਸਲ ਕੀਤਾ ਹੈ ਅਤੇ ਇਨ੍ਹਾਂ ਦੇ ਸੈਂਸਰ ਉਨ੍ਹਾਂ ਦੀ ਮੌਜੂਦਾ ਵਸਤੂ ਤੋਂ ਕਿਤੇ ਜ਼ਿਆਦਾ ਉੱਨਤ ਹਨ। ਭਾਰਤੀ ਬਲ ਪੂਰਬੀ ਲੱਦਾਖ ਤੋਂ ਲੈ ਕੇ ਅਰੁਣਾਚਲ ਪ੍ਰਦੇਸ਼ ਤੱਕ ਐਲਏਸੀ ਦੇ ਪਾਰ ਚੀਨੀ ਫੌਜੀ ਗਤੀਵਿਧੀਆਂ ‘ਤੇ ਤਿੱਖੀ ਨਜ਼ਰ ਰੱਖ ਰਹੇ ਹਨ। ਉਨ੍ਹਾਂ ਨੇ ਪੂਰਬੀ ਲੱਦਾਖ ਵਿੱਚ ਚੀਨ ਦੁਆਰਾ ਇੱਕਤਰਫਾ ਹਮਲੇ ਤੋਂ ਬਾਅਦ ਆਪਣੀ ਸਮਰੱਥਾ ਵਿੱਚ ਵਾਧਾ ਕੀਤਾ ਹੈ।

# ਭਾਰਤ ਨੇ ਇੰਟਰਨੈਸ਼ਨਲ ਦਲਿਤ ਸੋਲੀਡੈਰਿਟੀ ਦਾ ਕੀਤਾ ਵਿਰੋਧ

## ਸੰਯੁਕਤ ਰਾਸ਼ਟਰ ਦੀ ਆਰਥਿਕ ਤੇ ਸਮਾਜਿਕ ਪ੍ਰੀਸ਼ਦ ਵੱਲੋਂ 9 ਐੱਨਜੀਓਜ਼ ਨੂੰ ਮਾਨਤਾ

ਸੰਯੁਕਤ ਰਾਸ਼ਟਰ:-ਸੰਯੁਕਤ ਰਾਸ਼ਟਰ ਆਰਥਿਕ ਅਤੇ ਸਮਾਜਿਕ ਪਰਿਸ਼ਦ (ਈਸੀਓਐੱਸਓਸੀ) ਨੇ ਚੀਨ, ਰੂਸ ਅਤੇ ਭਾਰਤ ਸਮੇਤ ਕਈ ਮੁਲਕਾਂ ਦੇ ਇਤਰਾਜ਼ਾਂ ਦੇ ਬਾਵਜੂਦ 9 ਗ਼ੈਰ-ਸਰਕਾਰੀ ਸੰਗਠਨਾਂ (ਐੱਨਜੀਓਜ਼) ਨੂੰ ਵਿਸ਼ੇਸ਼ ਸਲਾਹਕਾਰ ਦਾ ਦਰਜਾ ਦੇਣ ਦੇ ਪੱਖ ’ਚ ਵੋਟਿੰਗ ਕੀਤੀ। ਸੰਯੁਕਤ ਰਾਸ਼ਟਰ ਦੀਆਂ ਛੇ ਪ੍ਰਮੁੱਖ ਸੰਸਥਾਵਾਂ ’ਚੋਂ ਇਕ ਈਸੀਓਐੱਸਓਸੀ, ਆਰਥਿਕ ਅਤੇ ਸਮਾਜਿਕ ਮੁੱਦਿਆਂ ਨਾਲ ਸਬੰਧਤ ਸੰਸਥਾ ਹੇ। ਅਮਰੀਕਾ ਨੇ ਇਸ ਸਬੰਧੀ ਖਰੜਾ ਪੇਸ਼ ਕੀਤਾ ਸੀ।

ਇਨ੍ਹਾਂ ਐੱਨਜੀਓਜ਼ ’ਚ ਇੰਟਰਨੈਸ਼ਨਲ ਦਲਿਤ ਸੋਲੀਡੈਰਿਟੀ (ਆਈਡੀਐੱਸਐੱਨ), ਅਰਬ ਯੂਰੋਪੀਅਨ ਸੈਂਟਰ ਆਫ਼ ਹਿਊਮਨ ਰਾਈਟਸ ਐਂਡ ਇੰਟਰਨੈਸ਼ਨਲ ਲਾਅ, ਬਹਿਰੀਨ ਸੈਂਟਰ ਫਾਰ ਹਿਊਮਨ ਰਾਈਟਸ, ਕੋਪਟਿਕ ਸੋਲੀਡੈਰਿਟੀ ਗਲਫ਼ ਸੈਂਟਰ ਫਾਰ ਹਿਊਮਨ ਰਾਈਟਸ, ਇੰਟਰਰਿਜਨਲ ਨਾਨ ਗਵਰਨਮੈਂਟਲ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਮੈਨ ਐਂਡ ਲਾਅ, ਐਂਡਰੇ ਰਿਲਕੋਵ ਫਾਊਂਡੇਸ਼ਨ ਫਾਰ ਹੈਲਥ ਐਂਡ ਸੋਸ਼ਲ ਜਸਟਿਸ, ਵਰਲਡ ਯੂਨੀਅਨ ਆਫ਼ ਕੋਸੈਕ ਏਟਾਮੈਨਸ ਅਤੇ ਵਰਲਡ ਵਿਦਾਊਟ ਜੈਨੋਸਾਈਡ ਸ਼ਾਮਲ ਹਨ। ਵੋਟਿੰਗ ਦੌਰਾਨ ਖਰੜੇ ਦੇ ਪੱਖ ’ਚ 24 ਵੋਟ ਪਏ ਜਦਕਿ 17 ਮੁਲਕਾਂ ਨੇ ਇਸ ਦਾ ਵਿਰੋਧ ਕੀਤਾ ਅਤੇ 12 ਗ਼ੈਰਹਾਜ਼ਰ ਰਹੇ। ਹਿਊਮਨ ਰਾਈਟਸ ਵਾਚ ’ਚ ਸੰਯੁਕਤ ਰਾਸ਼ਟਰ ਦੇ ਡਾਇਰੈਕਟਰ ਲੂਈਸ ਚਾਰਬੋਨਿਊ ਨੇ ਇਕ ਬਿਆਨ ’ਚ ਕਿਹਾ ਸੀ ਕਿ 9 ਮਨੁੱਖੀ ਅਧਿਕਾਰ ਅਤੇ ਹੋਰ ਸਿਵਲ ਸੁਸਾਇਟੀ ਨਾਲ ਸਬੰਧਤ ਸੰਗਠਨਾਂ ਨੂੰ ਮਾਨਤਾ ਦੇਣ ਲਈ ਵੋਟਿੰਗ ਕਰਨੀ ਚਾਹੀਦੀ ਹੈ ਜਿਨ੍ਹਾਂ ਦੀਆਂ ਅਰਜ਼ੀਆਂ ਚੀਨ, ਰੂਸ ਅਤੇ ਭਾਰਤ ਸਮੇਤ ਕਈ ਮੁਲਕਾਂ ਵੱਲੋਂ ਅੜਿੱਕਾ ਡਾਹੁਣ ਕਰ ਕੇ ਰੁਕੀਆਂ ਪਈਆਂ ਹਨ।

ਉਨ੍ਹਾਂ ਕਿਹਾ ਸੀ ਕਿ ਆਈਡੀਐੱਸਐੱਨ ਨੂੰ ਮਾਨਤਾ ਦੇਣ ’ਚ ਸਭ ਤੋਂ ਵੱਡਾ ਅੜਿੱਕਾ ਭਾਰਤ ਨੇ ਡਾਹਿਆ ਜਦਕਿ ਜਥੇਬੰਦੀ ਦੁਨੀਆ ਭਰ ’ਚ ਜਾਤੀਗਤ ਅਤੇ ਹੋਰ ਵਿਤਕਰਿਆਂ ਨੂੰ ਖ਼ਤਮ ਕੀਤੇ ਜਾਣ ਦੀ ਵਕਾਲਤ ਕਰਦੀ ਹੈ। -ਪੀਟੀਆਈ

# ਤੁਰਕੀ ਪਾਰਲੀਮੈਂਟ ਵਿੱਚ ਕਸ਼ਮੀਰ ਬਾਰੇ ਚਰਚਾ



ਅੰਕਾਰਾ:-ਕਸ਼ਮੀਰੀਆਂ ਦੇ ਨੁਮਾਇੰਦਿਆਂ ਦੇ ਇੱਕ ਵਫ਼ਦ ਨੇ ਅੰਕਾਰਾ ਵਿੱਚ ਤੁਰਕੀ ਦੀ ਸੰਸਦ ਦਾ ਦੌਰਾ ਕੀਤਾ ਅਤੇ ਸੱਤਾਧਾਰੀ ਅਤੇ ਵਿਰੋਧੀ ਪਾਰਟੀਆਂ ਦੇ ਵੱਖ-ਵੱਖ ਨੇਤਾਵਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਜੰਮੂ-ਕਸ਼ਮੀਰ ਦੇ ਲੋਕਾਂ ‘ਤੇ ਭਾਰਤੀ ਜ਼ੁਲਮਾਂ ਤੋਂ ਜਾਣੂ ਕਰਵਾਇਆ।

ਕਸ਼ਮੀਰੀ ਵਫ਼ਦ ਵਿੱਚ ਆਲ ਪਾਰਟੀਜ਼ ਹੁਰੀਅਤ ਕਾਨਫਰੰਸ ਆਜ਼ਾਦ ਜੰਮੂ-ਕਸ਼ਮੀਰ ਚੈਪਟਰ ਦੇ ਆਗੂ, ਗੁਲਾਮ ਮੁਹੰਮਦ ਸਫ਼ੀ ਅਤੇ ਸ਼ੇਖ ਅਬਦੁਲ ਮਤੀਨ, ਜਮਾਤ-ਏ-ਇਸਲਾਮੀ ਏਜੇਕੇ ਦੇ ਸਾਬਕਾ ਅਮੀਰ, ਅਬਦੁਲ ਰਸ਼ੀਦ ਤੁਰਾਬੀ, ਪ੍ਰਧਾਨ ਪਾਕਿ-ਕਸ਼ਮੀਰ ਫੋਰਮ ਇਸਤਾਂਬੁਲ, ਡਾ: ਨਦੀਮ ਅਤੇ ਰਾਣਾ ਤਾਰਿਕ ਸ਼ਾਮਲ ਸਨ। ਪ੍ਰਸਿੱਧ ਤੁਰਕੀ ਦੇ ਸਿਆਸੀ ਵਿਸ਼ਲੇਸ਼ਕ ਆਤਿਫ ਓਜ਼ਬੇ ਇਮਤਿਆਜ਼ ਸਾਹਿਬੀ ਵੀ ਕਸ਼ਮੀਰੀ ਵਫ਼ਦ ਦੇ ਨਾਲ ਸਨ।

BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration

New Location: 346 8140 128th St (Payal Bus. Centre) Surrey BC Ph: 778-565-5000
Flagship Location: 6612 Main St. Vancouver BC Ph: 604-327-8711
BhartiJewellers.com

AMAYA LIVING

60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor
KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator
BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year
PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

# ‘ਰੂਸ ਅਮਰੀਕਾ ਦਰਮਿਆਨ ਕੈਦੀਆਂ ਨੂੰ ਲੈ ਕੇ ਹੋਇਆ ਸਮਝੌਤਾ’

## ‘ਮੌਤ ਦਾ ਸੌਦਾਗਰ’ ਕਿਹਾ ਜਾਣ ਵਾਲਾ ਸ਼ਖਸ ਜਿਸ ਨੂੰ ਰੂਸ ਨੇ ਅਮਰੀਕੀ ਜੇਲ੍ਹ ਤੋਂ ਇੱਕ ਖਿਡਾਰਨ ਬਦਲੇ ਰਿਹਾਅ ਕਰਾਇਆ

ਵਾਸਿੰਗਟਨ:-‘ਮੌਤ ਦਾ ਸੌਦਾਗਰ’ ਕਹੇ ਜਾਂਦੇ ਵਿਕਟਰ ਬਾਊਟ ਨੂੰ ਅਮਰੀਕਾ ਨੇ ਬਾਸਕਿਟਬਾਲ ਖਿਡਾਰਨ ਬ੍ਰਿਟਨੀ ਗ੍ਰਾਈਨਾ ਦੀ ਰਿਹਾਈ ਬਦਲੇ ਛੱਡਿਆ ਹੈ।ਅਮਰੀਕਾ ਨੇ 12 ਸਾਲ ਤੋਂ ਜ਼ੇਲ੍ਹ ਵਿੱਚ ਬੰਦ ‘ਮੌਤ ਦੇ ਸੌਦਾਗਰ’ ਵੱਜੋ ਜਾਣੇ ਜਾਂਦੇ ਹਥਿਆਰਾਂ ਦੇ ਡੀਲਰ ਵਿਕਟਰ ਬਾਊਟ ਨੂੰ ਰੂਸ ਹਵਾਲੇ ਕਰ ਦਿੱਤਾ ਹੈ।ਇਸ ਤਹਿਤ ਅਮਰੀਕਾ ਦੀ ਲੈਸਬੀਅਨ ਬਾਸਕਿਟਬਾਲ ਖਿਡਾਰਨ ਬ੍ਰਿਟਨੀ ਗ੍ਰਾਈਨਾ ਨੂੰ ਅਮਰੀਕਾ ਹਵਾਲੇ ਕੀਤਾ ਗਿਆ ਹੈ।

ਰੂਸ ਵੱਲੋਂ ਬ੍ਰਿਟਨੀ ਗ੍ਰਾਈਨਾ ਨੂੰ ਅਤੇ ਅਮਰੀਕਾ ਵੱਲੋਂ ਵਿਕਟਰ ਬਾਊਟ ਨੂੰ ਨਿੱਜੀ ਜਹਾਜ਼ਾਂ ਜ਼ਰੀਏ ਆਬੂ ਧਾਬੀ ਹਵਾਈ ਅੱਡੇ ‘ਤੇ ਲਿਆਇਆ ਗਿਆ।ਦੋਵਾਂ ਦੀ ਆਪੋ-ਆਪਣੇ ਦੇਸ਼ਾਂ ਦੇ ਨੁਮਾਇੰਦਿਆਂ ਨੂੰ ਸਪੁਰਦਗੀ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਗਈਆਂ।ਵਿਕਟਰ ਹਥਿਆਰਾਂ ਦੇ ਕਾਰੋਬਾਰੀ ਹਨ ਜੋ ਵੱਡੇ ਪੱਧਰ ’ਤੇ ਗ਼ੈਰ-ਅਧਿਕਾਰਿਤ ਤਰੀਕੇ ਨਾਲ ਹਥਿਆਰਾਂ ਦੀ ਖ਼ਰੀਦੋ ਫ਼ਰੋਖਤ ਦੇ ਇਲਜ਼ਾਮਾਂ ਕਾਰਨ ਚਰਚਾ ਵਿੱਚ ਰਹੇ ਹਨ।ਅਮਰੀਕਾ ਨੇ ਇੱਕ ਖ਼ੁਫ਼ੀਆ ਕਾਰਵਾਈ ਅਧੀਨ ਵਿਕਟਰ ਨੂੰ 2008 ਵਿੱਚ ਥਾਈਲੈਂਡ ਦੀ ਰਾਜਧਾਨੀ ਬੈਂਕਾਕ ਤੋਂ ਹਿਰਾਸਤ ਵਿੱਚ ਲਿਆ ਸੀ।

ਇਸ ਅਦਲਾ-ਬਦਲੀ ਤੋਂ ਬਾਅਦ ਰੂਸ ਵਿਕਟਰ ਨੂੰ ਮੌਸਕੋ ਅਤੇ ਅਮਰੀਕਾ ਬ੍ਰਿਟਨੀ ਨੂੰ ਵਾਸ਼ਿੰਗਟਨ ਲੈ ਆਇਆ।ਅਮਰੀਕਾ ਦੀ ਬਾਸਕਿਟ ਬਾਲ ਖਿਡਾਰਨ ਬ੍ਰਿਟਨੀ ਗ੍ਰਾਈਨਾ ਐੱਲਜੀਬੀਟੀ ਭਾਈਚਾਰੇ ਨਾਲ ਸੰਬਧਿਤ ਹੈ ਜਿਸ ਕੋਲ ਭੰਗ ਦੇ ਪੌਦੇ ਦਾ ਤੇਲ ਹੋਣ ਕਾਰਨ ਮੌਸਕੋ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ।ਰੂਸ ਲੰਬੇ ਸਮੇਂ ਤੋਂ ਵਿਕਟਰ ਦੀ ਰਿਹਾਈ ਲਈ ਯਤਨ ਕਰ ਰਿਹਾ ਸੀ। ਜਿਸ ਨੂੰ ਛੱਡਣ ਲਈ ਅਮਰੀਕਾ ਤਿਆਰ ਨਹੀਂ ਸੀ।ਪਰ ਜਦੋਂ ਬ੍ਰਿਟਨੀ ਦੀ ਰਿਹਾਈ ਅਮਰੀਕਾ ਲਈ ਅਹਿਮ ਹੋ ਗਈ ਤਾਂ ਜੋਅ ਬਾਇਡਨ ਨੇ ਜੁਲਾਈ ਮਹੀਨੇ ਰੂਸ ਸਾਹਮਣੇ ਕੈਦੀਆਂ ਦੀ ਅਦਲਾ-ਬਦਲੀ ਦਾ ਪ੍ਰਸਤਾਵ ਰੱਖਿਆ।

ਜਦੋਂ ਇਹ ਸਮਝੌਤਾ ਹੋ ਰਿਹਾ ਸੀ, ਅਮਰੀਕਾ ਵਿਕਟਰ ਬਾਊਟ ਦੇ ਬਦਲੇ, ਬ੍ਰਿਟਨੀ ਦੇ ਨਾਲ-ਨਾਲ ਅਮਰੀਕੀ ਸਾਬਕਾ ਮਰੀਨ ਪੌਲ ਵੈਲਾਨ ਦੀ ਰਿਹਾਈ ਵੀ ਕਰਾਉਣਾ ਚਾਹੁੰਦਾ ਸੀ।ਪਰ ਰੂਸ ਨੇ ਇਸ ਤੋਂ ਇਨਕਾਰ ਕਰ ਦਿੱਤਾ ਅਤੇ ਪੌਲ ਦੇ ਪਰਿਵਾਰ ਦੀਆਂ ਆਸਾਂ ਪੂਰੀਆਂ ਨਾ ਹੋ ਸਕੀਆਂ।ਪੌਲ ਵੈਲਾਨ ਨੂੰ 2018 ਵਿੱਚ ਜਾਸੂਸੀ ਦੇ ਇਲਜ਼ਾਮਾਂ ਹੇਠ ਗ੍ਰਿਫ਼ਤਾਰ ਕੀਤਾ ਗਿਆ ਸੀ।ਪਰ ਸਿਰੇ ਚੜ੍ਹੀ ਡੀਲ ਮੁਤਾਬਕ, ਬ੍ਰਿਟਨੀ ਗ੍ਰਾਈਨਾ ਦੀ ਰਿਹਾਈ ਬਦਲੇ ਬਾਈਡਨ ਨੇ ਵਿਕਟਰ ਬਾਊਟ ਦੀ 25 ਸਾਲ ਕੈਦ ਦੀ ਸਜ਼ਾ ਨੂੰ ਘਟਾਉਂਦਿਆਂ ਉਸ ਨੂੰ ਛੱਡਣ ’ਤੇ ਸਹਿਮਤੀ ਜਤਾ ਦਿੱਤੀ।ਸਾਲ 2005 ਵਿੱਚ ਵਿਕਟਰ ਦੀ ਜ਼ਿੰਦਗੀ ਤੋਂ ਪ੍ਰੇਰਿਤ ਹਾਲੀਵੁੱਡ ਫ਼ਿਲਮ ‘ਲੌਰਡ ਆਫ਼ ਵਾਰ’ ਵੀ ਬਣੀ ਸੀ।2008 ਵਿੱਚ ਅਮਰੀਕਾ ਦੀ ਖ਼ੂਫੀਆ ਕਾਰਵਾਈ ਦੌਰਾਨ ਥਾਈਲੈਂਡ ਦੀ ਰਾਜਧਾਨੀ ਬੈਂਕਾਕ ਤੋਂ ਵਿਕਟਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।ਦੋ ਸਾਲ ਬਾਅਦ ਵਿਕਟਰ ਨੂੰ ਅਮਰੀਕਾ ਲੈ ਕੇ ਆਇਆ ਗਿਆ।

ਸਾਲ 2010 ਵਿੱਚ ਉਨ੍ਹਾਂ ਨੂੰ ਅੱਤਵਾਦੀਆਂ ਦੀ ਮਦਦ ਕਰਨ ‘ਤੇ ਅਮਰੀਕੀਆਂ ਨੂੰ ਮਾਰਨ ਦੀ ਸਾਜ਼ਿਸ਼ ਦੇ ਇਲਜ਼ਾਮਾਂ ਦਾ ਸਾਹਮਣਾ ਕਰਦਿਆਂ 12 ਸਾਲ ਤੱਕ ਅਮਰੀਕਾ ਦੀ ਜੇਲ੍ਹ ਵਿੱਚ ਬੰਦ ਕੀਤਾ।ਬਾਊਟ ਦਾ ਦਾਅਵਾ ਸੀ ਕਿ ਉਸ ਨੂੰ ਗ਼ਲਤ ਢੰਗ ਨਾਲ ਸਾਊਥ ਅਮਰੀਕੀ ਬਾਗ਼ੀਆਂ ਨੂੰ ਹਥਿਆਰ ਪਹੁੰਚਾਉਣ ਦਾ ਦੋਸ਼ੀ ਠਹਿਰਾਇਆ ਜਾ ਰਿਹਾ ਹੈ। ਪਰ ਨਿਊਯਾਰਕ ਦੀ ਅਦਾਲਤ ਨੇ ਉਸ ਦੀਆਂ ਦਲੀਲਾਂ ਨਹੀਂ ਮੰਨੀਆਂ।

ਉਸ ਨੂੰ ਅਮਰੀਕੀ ਨਾਗਰਿਕਾਂ ਤੇ ਅਧਿਕਾਰੀਆਂ ਨੂੰ ਮਾਰਨ ਦੀ ਸਾਜ਼ਿਸ਼ ਵਿੱਚ ਸ਼ਾਮਲ ਹੋਣ ਅਤੇ ਇੱਕ ਅੱਤਵਾਦੀ ਸੰਗਠਨ ਨੂੰ ਐਂਟੀ-ਏਅਰਕਰਾਫਟ ਮਿਜ਼ਾਇਲਾਂ ਮੁਹੱਈਆ ਕਰਵਾਉਣ ਦਾ ਦੋਸ਼ੀ ਮੰਨਦਿਆਂ ਅਪ੍ਰੈਲ 2012 ਵਿੱਚ 25 ਸਾਲ ਕੈਦ ਦੀ ਸਜ਼ਾ ਸੁਣਾਈ ਗਈ।ਤਿੰਨ ਹਫ਼ਤੇ ਚੱਲੇ ਟ੍ਰਾਇਲ ਦੌਰਾਨ ਸਾਹਮਣੇ ਆਇਆ ਕਿ ਬਾਊਟ ਨੂੰ ਦੱਸਿਆ ਗਿਆ ਸੀ ਕਿ ਹਥਿਆਰ ਕੋਲੰਬੀਅਨ ਅਧਿਕਾਰੀਆਂ ਨਾਲ ਕੰਮ ਕਰ ਰਹੇ ਅਮਰੀਕੀ ਅਧਿਕਾਰੀਆਂ ਨੂੰ ਮਾਰਨ ਲਈ ਵਰਤੇ ਜਾਣੇ ਹਨ।ਸਰਕਾਰੀ ਵਕੀਲ ਮੁਤਾਬਕ ਉਸ ਵੇਲੇ ਬਾਊਟ ਦਾ ਜਵਾਬ ਸੀ, ‘ਸਾਡਾ ਦੁਸ਼ਮਣ ਇੱਕੋ ਹੀ ਹੈ’।

ਵਿਕਟਰ ਬਾਊਟ ਦਾ ਜਨਮ ਸੋਵੀਅਤ ਰਾਜ ਅਧੀਨ ਪੈਂਦੇ ਤਜ਼ਾਕਿਸਤਾਨ ਵਿੱਚ ਹੋਇਆ ਸੀ।ਸੋਵੀਅਤ ਰੂਸ ਦੇ ਟੁੱਟਣ ਤੋਂ ਬਾਅਦ 1990 ਵਿੱਚ ਵਿਕਟਰ ਨੇ ਹਵਾਈ ਆਵਾਜਾਈ ਵਿੱਚ ਆਪਣਾ ਕਰੀਅਰ ਸ਼ੁਰੂ ਕੀਤਾ ਸੀ।

ਸੰਯੁਕਤ ਰਾਸ਼ਟਰ ਨੇ ਵਿਕਟਰ ਬਾਊਟ ਨੂੰ ਅਫਰੀਕੀ ਮੁਲਕ ਲਾਈਬੇਰੀਆ ਦੇ ਰਾਸ਼ਟਰਪਤੀ ਚਾਰਲਜ਼ ਟੇਲਰ ਦਾ ਸਾਥੀ ਦੱਸਿਆ।ਟੇਲਰ ਨੂੰ ਵੀ 2012 ਵਿੱਚ, ਸੀਏਰਾ ਲਿਓਨ ਸਿਵਲ ਜੰਗ ਦੌਰਾਨ ਜੰਗੀ ਜੁਰਮ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ ਸੀ।

ਸੰਯੁਕਤ ਰਾਸ਼ਟਰ ਦੇ ਦਸਤਾਵੇਜ਼ਾਂ ਮੁਤਾਬਕ ਬਾਊਟ ਇੱਕ ਕਾਰੋਬਾਰੀ ਹੈ, ਹਥਿਆਰਾਂ ਤੇ ਖਣਿਜਾਂ ਦਾ ਡੀਲਰ ਅਤੇ ਟਰਾਂਸਪੋਰਟਰ ਹੈ।ਮਿਡਲ ਈਸਟ ਵਿੱਚ ਮੀਡੀਆ ਰਿਪੋਰਟਾਂ ਮੁਤਾਬਕ ਉਹ ਤਾਲਿਬਾਨ ਅਤੇ ਅਲ-ਕਾਇਦਾ ਨੂੰ ਵੀ ਹਥਿਆਰ ਸਪਲਾਈ ਕਰਦਾ ਰਿਹਾ ਹੈ।ਅਮਰੀਕਾ ਨੇ ਉਸ ਖ਼ਿਲਾਫ਼ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ ਸਨ।

ਸਾਲ 2006 ਵਿੱਚ ਉਸ ਦੀ ਜਾਇਦਾਦ ਜ਼ਬਤ ਕੀਤੀ ਗਈ ਪਰ ਅਜਿਹਾ ਕੋਈ ਕਾਨੂੰਨ ਨਹੀਂ ਸੀ ਜਿਸ ਤਹਿਤ ਉਸ ‘ਤੇ ਅਮਰੀਕਾ ਵਿੱਚ ਕੇਸ ਚਲਾਇਆ ਜਾ ਸਕੇ।




ਫਿਰ 2008 ਵਿੱਚ ਅਮਰੀਕੀਆਂ ਨੇਉਸਦੇ ਖਿਲਾਫ ਸ਼ਾਜਿਸ਼ ਰਚੀ।

ਅਮਰੀਕੀ ਅਧਿਕਾਰੀ ਕੋਲੰਬੀਆ ਦੇ ਬਾਗ਼ੀਆਂ ਲਈ ਖ਼ਰੀਦਦਾਰ (ਨਕਲੀ) ਬਣ ਕੇ ਬਾਊਟ ਨਾਲ ਰਾਬਤੇ ਵਿੱਚ ਆਏ।ਅੰਡਰਕਵਰ ਅਫਸਰਾਂ ਨੇ ਬਾਗ਼ੀਆਂ ਤੱਕ ਹਥਿਆਰ ਪਹੁੰਚਾਉਣ ਬਾਰੇ ਗੱਲਬਾਤ ਕੀਤੀ।ਇਸ ਕਾਰਵਾਈ ਦੌਰਾਨ ਥਾਈ ਅਧਿਕਾਰੀਆਂ ਨੇ ਬਾਊਟ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਨੂੰ ਅਮਰੀਕਾ ਲੈ ਕੇ ਜਾਣ ਲਈ ਕਾਨੂੰਨੀ ਕਾਰਵਾਈ ਅਰੰਭੀ ਗਈ।

ਬਾਊਟ ਨੇ ਉਸ ਖ਼ਿਲਾਫ਼ ਅਮਰੀਕਾ ਵਿੱਚ ਚਲਾਏ ਕੇਸ ਨੂੰ ਸ਼ਾਜਿਸ਼ੀ ਅਤੇ ਸਿਆਸਤ ਤੋਂ ਪ੍ਰੇਰਿਤ ਦੱਸਿਆ।

ਰੂਸ ਨੇ ਵੀ ਕਾਨੂੰਨੀ ਕਾਰਵਾਈਆਂ ਵਿੱਚ ਉਸ ਨੂੰ ਸਹਿਯੋਗ ਦਿੱਤਾ ਅਤੇ ਥਾਈਲੈਂਡ ਦੀ ਅਦਾਲਤ ਦੇ ਫ਼ੈਸਲੇ ਨੂੰ ਸਿਆਸੀ ਅਤੇ ਬੇਇਨਸਾਫ਼ੀ ਦੱਸਿਆ।

ਦੂਸਰੇ ਪਾਸੇ ਅਮਰੀਕਨ ਖਿਡਾਰਨ ਬ੍ਰਿਟਨੀ ਨੂੰ ਕਰੀਬ 10 ਮਹੀਨੇ ਰੂਸ ਦੀ ਕਸਟਡੀ ਵਿੱਚ ਰਹਿਣ ਬਾਅਦ ਰਿਹਾਅ ਕੀਤਾ ਗਿਆ ਹੈ।ਅਮਰੀਕਾ ਵਿੱਚ ਬਾਸਕਿਟਬਾਲ ਸੀਜ਼ਨ ਨਾ ਹੋਣ ਕਾਰਨ ਉਹ ਖੇਡਣ ਲਈ ਰੂਸ ਗਈ ਸੀ, ਜਿੱਥੋਂ ਵਾਪਸੀ ਵੇਲੇ ਉਸ ਕੋਲੋਂ ਭੰਗ ਦੇ ਪੌਦੇ ਦਾ ਤੇਲ ਮਿਲਣ ‘ਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਯੁਕਰੇਨ ‘ਤੇ ਰੂਸ ਦੇ ਹਮਲੇ ਤੋਂ ਕੁਝ ਦਿਨ ਪਹਿਲਾਂ 17 ਫ਼ਰਵਰੀ ਨੂੰ ਇਹ ਖਿਡਾਰਨ ਮੌਸਕੋ ਏਅਰਪੋਰਟ ਤੋਂ ਲਾਪਤਾ ਹੋ ਗਈ ਸੀ।ਫਿਰ ਉਸ ਕੋਲ ਭੰਗ ਦੇ ਪੌਦੇ ਦਾ ਤੇਲ ਹੋਣ ਦੇ ਇਲਜ਼ਾਮ ਲੱਗੇ ਅਤੇ 9 ਸਾਲ ਕੈਦ ਦੀ ਸਜ਼ਾ ਸੁਣਾਈ ਗਈ।ਬ੍ਰਿਟਨੀ ਗ੍ਰਾਈਨਾ ਨੂੰ ਰੂਸ ਵਲੋਂ ਕੈਦ ਕੀਤਾ ਗਿਆ ਸੀਬ੍ਰਿਟਨੀ ਦਾ ਜਨਮ ਅਮਰੀਕਾ ਦੇ ਟੈਕਸਾਸ ਵਿੱਚ 18 ਅਕਤੂਬਰ, 1990 ਨੂੰ ਹੋਇਆ ਸੀ।

ਉਸ ਦੇ ਪਿਤਾ ਵੀਅਤਨਾਮ ਯੁੱਧ ਵਿੱਚ ਅਮਰੀਕੀ ਮਰੀਨ ਵਜੋਂ ਸ਼ਾਮਲ ਰਹੇ ਹਨ।ਇਸ ਖਿਡਾਰਨ ਦਾ ਕੱਦ 6 ਫੁੱਟ, 9 ਇੰਚ ਹੈ।ਲੰਬੇ ਕੱਦ ਅਤੇ ਮੁੰਡਿਆਂ ਵਰਗੀ ਨਜ਼ਰ ਆਉਣ ਕਰਕੇ ਬਚਪਨ ਵਿੱਚ ਉਸ ਨੂੰ ਮਜ਼ਾਕ ਦਾ ਵੀ ਸਾਹਮਣਾ ਕਰਨਾ ਪੈਂਦਾ ਸੀ। ਸਵੈ-ਜੀਵਨੀ ਵਿੱਚ ਉਸ ਨੇ ਲਿਖਿਆ ਕਿ ਉਹ ਖੁਦ ਨੂੰ ਲੁਕਾਉਣਾ ਚਾਹੁੰਦੀ ਸੀ ਪਰ ਲੰਬੇ ਕੱਦ ਕਾਰਨ ਬਾਸਕਿਟ ਬਾਲ ਵਿੱਚ ਉਸ ਦੀ ਅਦਭੁਤ ਕਾਬਲੀਅਤ ਪ੍ਰਤੱਖ ਨਜ਼ਰ ਆਉਂਦੀ ਸੀ। ਜੂਨੀਅਰ ਸੀਜ਼ਨ ਦੌਰਾਨ ਉਸ ਵੱਲੋਂ ਬਾਸਕਿਟ ਵਿੱਚ ਬਾਲ ਪਾਉਣ ਦੀਆਂ ਵੀਡੀਓਜ਼ ਦੇ ਸੰਕਲਨ ਵਾਲੀ ਯੂਟਿਊਬ ਵੀਡੀਓ ਨੂੰ 6.6 ਮਿਲੀਅਨ ਵਾਰ ਦੇਖਿਆ ਗਿਆ।ਇਸੇ ਦੇ ਚਲਦਿਆਂ ਐੱਲਏ ਲੇਕਰਜ਼ ਦੇ ਸਟਾਰ ਖਿਡਾਰੀ ਸ਼ੇਕੁਇਲ ਓ ਨੀਲ ਨਾਲ ਵੀ ਉਸ ਦੀ ਮੁਲਾਕਾਤ ਹੋਈ।

ਗੇਅ ਅਥਲੀਟ ਬ੍ਰਿਟਨੀ ਨੂੰ ਨਾਈਕੀ ਨੇ ਬ੍ਰਾਂਡ ਅੰਬੈਸਡਰ ਬਣਾਇਆ ਸੀ।22 ਸਾਲ ਦੀ ਉਮਰ ਵਿੱਚ ਉਸ ਦੇ ਸਮਲਿੰਗੀ ਹੋਣ ਬਾਰੇ ਪਤਾ ਲੱਗਿਆ।ਉਹ ਦੁਨੀਆ ਵਿੱਚ ਮੰਨੀ ਪ੍ਰਮੰਨੀਂ ਐੱਲਜੀਬੀਟੀ ਅਥਲੀਟ ਬਣ ਕੇ ਉੱਭਰੀ।

ਸਾਲ 2019 ਵਿੱਚ ਉਸ ਨੇ ਆਪਣੀ ਪਾਰਟਨਰ ਸ਼ੈਰੇਲ ਵਾਟਸਨ ਨਾਲ ਵਿਆਹ ਕਰਵਾਇਆ। ਬ੍ਰਿਟਨੀ ਗ੍ਰਿਨਰ ਵੂਮਨ ਨੈਸ਼ਨਲ ਬਾਸਕਿਟ ਬਾਲ ਐਸੋਸੀਏਸ਼ਨ ਚੈਂਪੀਅਨਸ਼ਿਪ ਜਿੱਤ ਚੁੱਕੀ ਹੈ।ਅੱਠ ਡਬਲਿਊਐੱਨਬੀਏ ਆਲ-ਸਟਾਰ ਐਵਾਰਡ, ਚਾਰ ਯੂਰੋ ਲੀਗ ਟਾਈਟਲ ਅਤੇ ਦੋ ਵਾਰ ਉਲੰਪਿਕ ਗੋਲ਼ਡ ਮੈਡਲ ਜਿੱਤ ਚੁੱਕੀ ਹੈ।

ਯੂਰੋ ਲੀਗ ਟੀਮ ਯੂਐੱਮਐੱਮਸੀ ਏਕਾਤਿਨਬਰਗ ਲਈ ਖੇਡਣ ਲਈ ਹੀ ਉਹ ਰੂਸ ਗਈ ਸੀ, ਜਿੱਥੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।ਵੱਡੇ -ਮੁਲਕ ਆਪੋ ਆਪਣੇਂ ਹਿਤਾਂ ਲਈ ਇੱਕ ਦੂਸਰੇ ਦੇ ਨਾਗਰਿਕਾਂ ਪਹਿਲਾਂ ਸ਼ਾਸਿਜੀ ਢੰਗ ਨਾਲ ਗ੍ਰਿਫਤਾਰ ਕਰਦੇ ਹਨ ਫਿਰ ਉਨਾ ਦੀਆਂ ਰਿਹਾਈਆਂ ਕਰਵਾਈਆਂ ਜਾਦੀਆਂ ਹਨ ਪਰ ਇਹ ਆਮ ਲੋਕਾਂ ਦੀ ਸਮਝ ਤੋਂ ਬਾਹਰ ਹੁੰਦੀਆਂ ਹਨ।

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY

THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs
ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ






Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

# ਫੁੱਟਬਾਲ ਦਾ ਜਨਮ ਇੱਕ ਪੱਬ ਵਿੱਚ ਹੋਇਆ

ਲੰਡਨ:-ਯੂਕੇ ਦੇ ਇੱਕ ਪੱਬ ਤੋਂ 1863 ਵਿੱਚ ਸ਼ੁਰੂ ਹੋਈ ਖੇਡ ਫ਼ੁੱਟਬਾਲ ਅੱਜ ਦੁਨੀਆਂ ਭਰ ਦੀ ਪਸੰਦੀਦਾ ਖੇਡ ਹੈ। ਪਰ ਕੁਝ ਦੇਸ਼ਾਂ ਵਿੱਚ ਇਹ ਕੋਈ ਵੱਡਾ ਮੁਕਾਮ ਹਾਸਿਲ ਕਰਨ ਵਿੱਚ ਕਾਮਯਾਬ ਨਹੀਂ ਹੋਈ। ਅਸਲ 'ਚ ਲੰਡਨ ਵਿੱਚ ਰਹਿਣ ਵਾਲੇ ਕੁਝ ਦੋਸਤ ਪਹਿਲਾਂ ਤੋਂ ਇੰਗਲੈਂਡ ਵਿੱਚ ਖੇਡੀ ਜਾਂਦੀ ਰਗਬੀ ਨਾਲੋਂ ਕੁਝ ਵੱਖਰਾ



ਖੇਡਣਾ ਚਾਹੁੰਦੇ ਸਨ ਤਾਂ ਉਨ੍ਹਾਂ ਨੇ ਇੱਕ ਹੋਰ ਖੇਡ ਬਣਾਈ ਉਸ ਨੇ ਨਿਯਮ ਬਣਾਏ ਤੇ ਇਸ ਤਰ੍ਹਾਂ ਫ਼ੁੱਟਬਾਲ ਦੀ ਖੇਡ ਦਾ ਜਨਮ ਹੋਇਆ। ਫ਼ੁੱਟਬਾਲ ਨੂੰ ਦੁਨੀਆਂ ਭਰ 'ਚ ਪਸੰਦ ਕੀਤਾ ਗਿਆ। ਚਾਰ ਦਹਾਕਿਆਂ ਤੋਂ ਵੀ ਘੱਟ ਦੇ ਸਮੇਂ ਵਿੱਚ ਇਹ ਖੇਡ ਦੁਨੀਆਂ ਦੇ ਬਹੁਤੇ ਮੁਲਕਾਂ ਵਿੱਚ ਖੇਡੀ ਜਾਣ ਲੱਗੀ। ਸੱਚ ਤਾਂ ਇਹ ਹੈ ਕਿ ਚਾਰ ਦਹਾਕਿਆਂ ਤੋਂ ਵੀ ਘੱਟ ਸਮੇਂ ਵਿੱਚ ਹੀ ਫੁੱਟਬਾਲ ਦੁਨੀਆ ਦੇ ਕਈ ਦੇਸ਼ਾਂ ਵਿੱਚ ਮਕਬੂਲ ਹੋ ਚੁੱਕੀ ਸੀ। ਅਸਟ੍ਰੇਲੀਆ, ਨਿਊਜ਼ੀਲੈਂਡ ਅਤੇ ਦੱਖਣੀ ਅਫ਼ਰੀਕਾ ਵਿੱਚ ਰਗਬੀ ਦੇ ਮੁਕਾਬਲੇ ਫ਼ੁੱਟਬਾਲ ਨੂੰ ਵਧੇਰੇ ਪਸੰਦ ਕੀਤਾ ਜਾਣ ਲੱਗਿਆ।

ਕੌਮਾਤਰੀ ਖੇਡਾਂ ਦੇ ਇਤਿਹਾਸਕਾਰ ਜੀਨ ਵਿਲੀਅਮਜ਼ ਨੇ ਬੀਬੀਸੀ ਨੂੰ ਦੱਸਿਆ, "ਆਸਟ੍ਰੇਲੀਆ ਜਾਂ ਭਾਰਤ ਵਿੱਚ ਜਦੋਂ ਬਰਤਾਨਵੀ ਪਹੁੰਚੇ ਉਸ ਸਮੇਂ ਯੂਕੇ ਦੀ ਕੌਮੀ ਖੇਡ ਫੁੱਟਬਾਲ ਨਹੀਂ ਸੀ ਬਲਕਿ ਕ੍ਰਿਕਟ ਸੀ। ਵਿਲੀਅਮਜ਼ ਸਪੱਸ਼ਟ ਕਰਦੇ ਹਨ ਕਿ ਯੂਕੇ ਵਿੱਚ ਫ਼ੁੱਟਬਾਲ ਮੱਧ ਵਰਗ ਤੇ ਮਜ਼ਦੂਰ ਜਮਾਤ ਦੀ ਖੇਡ ਸੀ। ਵਿਲੀਅਮ ਕਹਿੰਦੇ ਹਨ, "ਦੁਨੀਆ ਵਿੱਚ ਫ਼ੁੱਟਬਾਲ ਦੀ ਪ੍ਰਸਿੱਧੀ ਦੇ ਦੋ ਕਾਰਨ ਸਨ, ਇੱਕ ਬਰਤਾਨਵੀ ਇੰਜੀਨੀਅਰਾਂ ਵਲੋਂ ਰੇਲਵੇ ਦਾ ਪ੍ਰਸਾਰ ਕਰਨਾ ਤੇ ਦੂਜਾ ਕਾਰਨ ਸੀ ਦੂਜੇ ਮੁਲਕਾਂ ਦੇ ਲੋਕਾਂ ਦਾ ਅਕਾਦਮਿਕ ਆਦਾਨ-ਪ੍ਰਦਾਨ ਲਈ ਯੂਕੇ ਜਾਂਦੇ ਸਨ ਉਥੇ ਇਸ ਖੇਡ ਨੂੰ ਦੇਖਦੇ ਸਨ। ਅਜਿਹੇ ਪ੍ਰੋਗਰਾਮਾਂ ਵਿੱਚ ਲਾਤੀਨੀ ਅਮਰੀਕਾ ਤੇ ਏਸ਼ੀਆਂ ਦੇ ਕੁਝ ਦੇਸ਼ ਸ਼ਾਮਿਲ ਸਨ।""ਬਰਤਾਨਵੀਂ ਇੰਜੀਨੀਅਰ ਜਿੱਥੇ ਵੀ ਜਾਂਦੇ ਆਪਣੀ ਖੇਡ ਨਾਲ ਲੈ ਜਾਂਦੇ ਲੋਕ ਯੂਕੇ ਜਾਂਦੇ ਉਹ ਉਥੇ ਖੇਡ ਤੋਂ ਵਾਕਿਫ਼ ਹੁੰਦੇ ਤੇ ਆਪਣੇ ਦੇਸ਼ ਵਿੱਚ ਇਸ ਨੂੰ ਲਿਆਉਣ ਬਾਰੇ ਸੋਚਦੇ।"

20ਵੀਂ ਸਦੀ ਦੇ ਸ਼ੁਰੂ ਵਿੱਚ, ਖਾਸ ਤੌਰ 'ਤੇ ਬ੍ਰਾਜ਼ੀਲ, ਅਰਜਨਟੀਨਾ ਅਤੇ ਉਰੂਗਵੇ ਵਿੱਚ, ਪਹਿਲੇ ਕਲੱਬ ਬਣਾਏ ਗਏ। ਇਨ੍ਹਾਂ ਵਿੱਚੋਂ ਕਈਆਂ ਦੇ ਨਾਂ ਅੰਗਰੇਜ਼ੀ ਵਿੱਚ ਹਨ ਜੋ ਅਜੇ ਵੀ ਬਰਕਰਾਰ ਹਨ। ਅਰਜਨਟੀਨਾ ਦਾ ਰਿਵਰ ਪਲੇਟ ਜਾਂ ਬੋਕਾ ਜੂਨੀਅਰਜ਼ ਕਲੱਬਸ ਉਰੂਗਵੇ ਦਾ ਨੈਸੀਓਨਲ ਡੀ ਫੁੱਟਬਾਲ ਕਲੱਬ ਤੇ ਇਸੇ ਤਰ੍ਹਾਂ ਬ੍ਰਾਜ਼ੀਲ ਦਾ ਫਲੂਮਿਨੈਂਸ ਫੁੱਟਬਾਲ ਕਲੱਬ ਹਾਲੇ ਵੀ ਟੂਰਨਾਮੈਂਟ ਕਰਵਾਉਂਦੇ ਹਨ। ਵਿਲੀਅਮਜ਼ ਸਪੱਸ਼ਟ ਕਰਦੇ ਹਨ,"ਫ਼ੁੱਟਬਾਲ ਨੂੰ ਕਲਾਸਾਂ ਵਿੱਚ ਵੰਡਿਆ ਨਹੀਂ ਗਿਆ ਤੇ ਇਹ ਖੇਡ ਹਰ ਪੱਧਰ 'ਤੇ ਹਰ ਵਰਗ ਦੇ ਲੋਕਾਂ ਵਿੱਚ ਪ੍ਰਸਿੱਧ ਹੋ ਗਈ।"ਵਿਲੀਅਮਜ਼ ਕਹਿੰਦੇ ਹਨ, "ਲਾਤੀਨੀ ਅਮਰੀਕਾ ਤੇ ਏਸ਼ੀਆ ਤੋਂ ਬਹੁਤ ਸਾਰੇ ਲੋਕ ਅੰਗਰੇਜ਼ੀ ਸਿੱਖਣ ਅੰਗਰੇਜ਼ੀ ਯੂਨੀਵਰਸਿਟੀਆਂ ਵਿੱਚ ਗਏ ਤੇ ਉਥੇ ਉਨ੍ਹਾਂ ਨੇ ਦੇਖਿਆ ਕਿ ਇਹ ਬਹੁਤ ਸਾਰੇ ਲੋਕਾਂ ਦੀ ਪਸੰਦੀਦਾ ਖੇਡ ਹੈ ਜਿਸ ਨੂੰ ਉਨ੍ਹਾਂ ਆਪਣੇ ਦੇਸ਼ ਲੈ ਜਾਣਾ ਚਾਹਿਆ ਤੇ ਅਜਿਹਾ ਕੀਤਾ ਵੀ।" ਐਸੋਸੀਏਸ਼ਨ ਆਫ਼ ਹਿਸਟੋਰੀਅਨਜ਼ ਨਾਲ ਸਬੰਧਿਤ ਜੇਮਜ਼ ਬਰਾਊਨ ਕਹਿੰਦੇ ਹਨ, " ਸੱਚਾਈ ਇਹ ਹੈ ਕਿ 16 ਸਾਲ ਦੀ ਉਮਰ ਤੱਕ ਦੇ ਲੋਕਾਂ ਵਲੋਂ, ਫ਼ੁੱਟਬਾਲ ਦੁਨੀਆਂ ਭਰ ਵਿੱਚ ਨੌਜਵਾਨਾਂ ਵਲੋਂ ਸਭ ਤੋਂ ਵੱਧ ਖੇਡੀ ਜਾਣ ਵਾਲੀ ਖੇਡ ਹੈ, ਇਸ ਲਈ ਇਸ ਦਾ ਭਵਿੱਖ ਚੰਗਾ ਹੈ।"


# T&S Transportation
## Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ। ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333








# ਕਲੀਨਅੱਪ ਵਰਕਰਾਂ ਦੀ ਲੋੜ

Seneca ਕੰਪਨੀ ਵੱਲੋਂ ਡੈਲਟਾ ਵਿਚ ਕੈਸੀਨੋ ਲਈ ਫੁੱਲ ਟਾਈਮ ਅਤੇ ਪਾਰਟ ਟਾਈਮ ਕਲੀਨਅੱਪ ਵਰਕਰਾਂ ਦੀ ਲੋੜ ਹੈ। ਕੈਸੀਨੋ 24 ਘੰਟੇ ਖੁੱਲ੍ਹਾ ਰਹਿੰਦਾ ਹੈ ਅਤੇ ਸਵੇਰੇ, ਦੁਪਹਿਰ ਅਤੇ ਰਾਤ ਦੀਆਂ ਸ਼ਿਫਟਾਂ ਉਪਲਬਧ ਹਨ। ਵਧੀਆ ਅਤੇ ਸਪੱਸ਼ਟ ਗੱਲਬਾਤ ਅਤੇ ਬਿਹਤਰੀਨ ਕਸਟਮਰ ਕੇਅਰ ਦੇ ਸਕਣ ਵਾਲੇ ਹੀ ਅਪਲਾਈ ਕਰਨ। ਤਨਖਾਹ ਵਧੀਆ ਅਤੇ ਤਜਰਬੇ ਦੇ ਆਧਾਰ ਤੇ। ਕੰਪਨੀ ਵੱਲੋਂ ਫੁੱਲ ਟਾਈਮ ਵਰਕਰਾਂ ਲਈ ਹੈਲਥ ਬੈਨੇਫਿਟਸ ਵੀ ਦਿੱਤੇ ਜਾਣਗੇ।

# Cleanup Workers Needed

Seneca is offering part time and full time positions for cleaning at a casino in Delta. The facility is open 24/7 and we have morning, afternoon and night shifts available. Candidates must have previous janitorial experience, communication skills, and customer service skills. Good Wages. Seneca also will provide extended health coverage for full time employees.

ਗੁਰਦੀਪ ਪਰਮਾਰ:604-720-2331

ਪਰਮਜੀਤ ਪਰਮਾਰ:604-889-1738

# 7 ਫੁੱਟ 2 ਇੰਚ ਕੱਦ ਵਾਲੇ ਸਿੱਖ ਨੌਜਵਾਨ ਨੂੰ ਕਈ ਫਿਲਮਾਂ ਦੇ ਆਫਰ ਮਿਲੇ ਪਰ ਕਿਉਂ ਠੁਕਰਾ ਦਿੱਤੇ





ਸੱਤ ਫੁੱਟ ਦੋ ਇੰਚ ਦੇ ਕੱਦ ਵਾਲੇ ਸੁਖਦੇਵ ਸਿੰਘ ਜਦੋਂ ਸਿੱਖੀ ਸਰੂਪ ਵਿੱਚ ਤੁਰਦੇ ਹਨ ਤਾਂ ਵੱਖਰੇ ਹੀ ਪਛਾਣੇ ਜਾਂਦੇ ਹਨ।ਪਰ ਸੁਖਦੇਵ ਸਿੰਘ ਨੇ ਆਪਣੇ ਸਿੱਖੀ ਸਿਧਾਂਤਾਂ ’ਤੇ ਚੱਲਦਿਆਂ ਕਿਸੇ ਵੀ ਪੰਜਾਬੀ ਫ਼ਿਲਮ ਜਾਂ ਰੈਸਲਿੰਗ ਵਿੱਚ ਜਾਣ ਦਾ ਮਨ ਨਹੀਂ ਬਣਾਇਆ ਕਿਉਂਕਿ ਉਹ ਆਪਣੇ ਧਰਮਿਕ ਵਿਸ਼ਵਾਸ਼ ਨਾਲ ਕਿਸੇ ਕਿਸਮ ਦਾ ਸਮਝੌਤਾ ਨਹੀਂ ਕਰਨਾ ਚਾਹੁੰਦੇ ਸਨ।

ਫਤਿਹਗੜ੍ਹ ਸਾਹਿਬ ਦੇ ਪਿੰਡ ਸੈਦਪੁਰਾ ਦੇ ਰਹਿਣ ਵਾਲੇ ਸੁਖਦੇਵ ਸਿੰਘ ਉਰਫ ਸੁੱਖਾ ਬਾਬਾ ਦਾ ਭਾਰ 185 ਕਿਲੋ ਹੈ, ਉਹ ਦਿਨ ਵਿਚ 6 ਲੀਟਰ ਦੁੱਧ ਪੀਂਦੇ ਹਨ, 10-12 ਰੋਟੀਆਂ, ਦਹੀਂ, ਲੱਸੀ, ਮੱਖਣ, ਦੇਸੀ ਘਿਓ ਖਾਂਦੇ ਹਨ।7 ਫੁੱਟ 2 ਇੰਚ ਕੱਦ ਵਾਲੇ ਸਿੱਖ ਨੌਜਵਾਨ ਨੂੰ ਕਈ ਫਿਲਮਾਂ ਦੇ ਆਫਰ ਮਿਲੇ ਪਰ ਕਿਉਂ ਠੁਕਰਾ ਦਿੱਤੇ

ਸੁਖਦੇਵ ਸਿੰਘ ਕਹਿੰਦੇ ਹਨ ਕਿ ਉਹ ਬਹੁਤ ਭਾਰੀਆਂ ਚੀਜਾਂ ਨੂੰ ਅਸਾਨੀ ਨਾਲ ਚੁੱਕ ਲੈਂਦਾ ਹੈ ਅਤੇ ਛੋਟੇ ਹੁੰਦੇ ਕਬੱਡੀ ਖੇਡਣ ਦਾ ਸ਼ੌਂਕ ਰੱਖਦੇ ਸਨ ਪਰ ਕੋਈ ਮੁਕਾਬਲੇ ਵਿੱਚ ਖੇਡਣ ਨੂੰ ਤਿਆਰ ਨਹੀਂ ਹੁੰਦਾ ਸੀ ਇਸ ਲਈ ਖੇਡਣਾ ਛੱਡ ਦਿੱਤਾ।


ਸੁਖਦੇਵ ਸਿੰਘ ਮੁਤਾਬਕ ਵੱਡੇ ਸਰੀਰ ਕਾਰਨ ਉਹਨਾਂ ਨੂੰ ਇਕ ਪੰਜਾਬੀ ਫਿਲਮ ਦਾ ਵੀ ਆਫਰ ਹੋਇਆ ਸੀ ਪਰੰਤੂ ਉਹਨਾਂ ਨੇ ਵਾਲ ਖੋਲ ਕੇ ਰੋਲ ਕਰਨ ਤੋਂ ਇਨਕਾਰ ਕਰ ਦਿੱਤਾ।

ਉਹਨਾਂ ਅਨੁਸਾਰ, “ਫਿਲਮਾਂ ਨਾਲੋਂ ਸਿੱਖੀ ਸਰੂਪ ਨੂੰ ਜਿਆਦਾ ਤਰਜੀਹ ਹੈ।”

ਸੁਖਦੇਵ ਸਿੰਘ ਨੇ ਅੰਮ੍ਰਿਤ ਛੱਕਿਆ ਹੋਇਆ ਹੈ।ਉਹ ਕਹਿੰਦੇ ਹਨ ਕਿ ਜੇਕਰ ਸ਼੍ਰੋਮਣੀ ਕਮੇਟੀ ਜਾਂ ਕੋਈ ਹੋਰ ਧਾਰਮਿਕ ਸੰਸਥਾ ਸਿੱਖੀ ਸਰੂਪ ਅਨੁਸਾਰ ਉਹਨਾਂ ਨੂੰ ਕੋਈ ਰੋਲ ਦਿੰਦੀ ਹੈ ਤਾਂ ਉਹ ਜ਼ਰੂਰ ਕਰਨਗੇ।

ਬੇਸ਼ੱਕ ਉਹਨਾਂ ਦਾ ਕੱਦ ਗਰੇਟ ਖਲੀ ਨਾਲ ਮੇਲ ਖਾਂਦਾ ਹੈ ਪਰ ਉਹ ਖਲੀ ਵਾਂਗ ਰੈਸਲਿੰਗ ਵੱਲ ਨਹੀਂ ਜਾਣਾ ਚਾਹੁੰਦੇ ਸਨ ਕਿਉਂਕਿ ਉਨ੍ਹਾਂ ਮੁਤਾਬਕ ਇਸ ਨਾਲ ਸਿੱਖ ਧਰਮ ਦੀਆਂ ਰਵਾਇਤਾਂ ਬਰਕਰਾਰ ਨਹੀਂ ਰਹਿੰਣੀਆਂ ਸਨ।

ਸੁਖਦੇਵ ਸਿੰਘ ਦੇ ਮਾਤਾ ਰਜਿੰਦਰ ਕੌਰ ਨੇ ਦੱਸਿਆ ਕਿ ਉਹਨਾਂ ਆਪਣੇ ਪੁੱਤ ਨੂੰ ਦੁੱਧ ਘਿਓ, ਮੱਖਣੀ ਅਤੇ ਚੂਰੀ ਨਾਲ ਪਾਲਿਆ ਹੈ।ਰਜਿੰਦਰ ਕੌਰ ਕਹਿੰਦੇ ਹਨ, “ਉਹ ਖੇਤੀ ਦਾ ਸਾਰਾ ਕੰਮ ਆਪ ਕਰਦਾ ਹੈ। ਔਖੇ ਅਤੇ ਭਾਰੇ ਕੰਮ ਵਿਚ ਸੁਖਦੇਵ ਨੂੰ ਕਿਸੇ ਦੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ।”ਸੁਖਦੇਵ ਸਿੰਘ ਦੇ ਕੁੜਤੇ ਪਜਾਮੇ ਉਪਰ 9 ਮੀਟਰ ਕੱਪੜਾ ਲੱਗਦਾ ਹੈ।ਟੇਲਰ ਪਲਵਿੰਦਰ ਸਿੰਘ ਕਹਿੰਦੇ ਹਨ ਕਿ ਉਹਨਾਂ ਦੇ ਕੁੜਤੇ ਪਜਾਮੇ ਨੂੰ ਤਿਆਰ ਕਰਨ ਲਈ ਆਮ ਲੋਕਾਂ ਦੇ ਕਪੜੇ ਬਣਾਉਣ ਨਾਲੋ ਦੁੱਗਣਾ ਸਮਾਂ ਲੱਗਦਾ ਹੈ।ਸੁਖਦੇਵ ਸਿੰਘ ਨੇ ਦੱਸਿਆ ਕਿ ਉਹ ਜੁੱਤੀ ਵੀ ਸਪੈਸ਼ਲ਼ ਬਣਵਾਉਂਦੇ ਹਨ।“ਮੈਂ ਮਲੇਰਕੋਟਲਾ ਤੋਂ ਜੁੱਤੀ ਬਣਵਾਉਂਦਾ ਹੈ। ਜੁੱਤੀ ਵੀ ਕਰੀਬ 16 ਨੰਬਰ ਦੀ ਆਉਂਦੀ ਹੈ।”ਸੁਖਦੇਵ ਸਿੰਘ ਨੇ ਦੱਸਿਆ ਉਹ ਸਕੂਲ ਵਿੱਚ ਉਸ ਦੇ ਪਿਛੇ ਬੈਠਣ ਵਾਲੇ ਬੱਚਿਆਂ ਨੂੰ ਕੁਝ ਨਹੀਂ ਦਿਖਦਾ ਸੀ। ਉਨ੍ਹਾਂ ਨੇ ਅੱਠਵੀਂ ਕਲਾਸ ਬਾਅਦ ਪੜ੍ਹਾਈ ਬੰਦ ਕਰ ਦਿੱਤੀ।ਸੁਖਦੇਵ ਸਿੰਘ ਭਾਰੀਆਂ ਚੀਜ਼ਾਂ ਨੂੰ ਅਸਾਨੀ ਨਾਲ ਚੁੱਕ ਦਿੰਦੇ ਹਨ।ਸੁਖਦੇਵ ਸਿੰਘ ਕਹਿੰਦੇ ਹਨ ਕਿ ਉਹਨਾਂ ਨੂੰ ਕਾਰ ਅਤੇ ਬੱਸ ਵਿੱਚ ਸਫ਼ਰ ਕਰਨ ਵਿਚ ਦਿੱਕਤ ਆਉਂਦੀ ਹੈ ਜਿਸ ਕਰਕੇ ਉਹ ਅਕਸਰ ਸਫ਼ਰ ਮੋਟਰਸਾਈਕਲ ’ਤੇ ਹੀ ਕਰਦੇ ਹਨ।ਉਹਨਾਂ ਕਿਹਾ ਕਿ ਉਹ ਕੋਈ ਵੀ ਨਸ਼ਾ ਨਹੀਂ ਕਰਦੇ। ਇੱਥੋਂ ਤੱਕ ਕਿ ਚਾਹ ਵੀ ਨਹੀਂ ਪੀਂਦੇ।




# ਹਿੰਮਤ ਸਿੰਘ ਭੁੱਲਰ ਦੇ ਜਨਮ ਦਿਨ ਦੀ ਵਧਾਈ



ਰਿਚਮੰਡ (-ਬਲਵੰਤ ਸਿੰਘ ਸੰਘੇੜਾ)ਰਿਚਮੰਡ ਸਥਿਤ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ ਨੰਬਰ 5 ਰੋਡ ਵਿਖੇ 11 ਦਸੰਬਰ ਦਿਨ ਐਤਵਾਰ ਨੂੰ ਬੱਚੇ ਹਿੰਮਤ ਸਿੰਘ ਭੁੱਲਰ ਦਾ ਪਹਿਲਾ ਜਨਮ ਦਿਨ ਬਹੁਤ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ।ਹਿੰਮਤ ਦੇ ਪਿਤਾ ਜਗਰੂਪ ਸਿੰਘ ਭੁੱਲਰ, ਮਾਤਾ ਸੁਪਰੀਤ ਕੌਰ ਭੁੱਲਰ, ਦਾਦਾ ਜੀ ਬਲਕਾਰ ਸਿੰਘ ਭੁੱਲਰ ਦਾਦੀ ਜੀ ਕੁਲਵਿੰਦਰ ਕੋਰ ਭੁੱਲਰ ਨਾਨਾ ਜੀ ਅਮਰੀਕ ਸਿੰਘ ਜਗਪਾਲ ਨਾਨੀ ਜੀ ਗੁਰਨਾਮ ਕੋਰ ਜਗਪਾਲ ਵਲੋਂ ਇਸ ਖੁਸ਼ੀ ਦੇ ਮੌਕੇ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰ ਦੀ ਸੇਵਾ ਨਿਭਾਈ ਗਈ। ਇਸ ਸ਼ੁਭ ਅਵਸਰ ਉਪਰ ਗੁਰੂ ਘਰ ਦੇ ਕੀਰਤਨੀ ਜਥੇ ਗਿਆਨੀ ਨਵਨੀਤ ਸਿੰਘ, ਗਿਆਨੀ ਹਰਮਨਦੀਪ ਸਿੰਘ ਅਤੇ ਗਿਆਨੀ ਸੁਖਦੇਵ ਸਿੰਘ ਨੇ ਸੰਗਤਾਂ ਨੂੰ ਸੁਖਮਨੀ ਸਾਹਿਬ ਦੇ ਪਾਠ ਅਤੇ ਬਹੁਤ ਹੀ ਮਧੁਰ ਕੀਰਤਨ ਨਾਲ ਨਿਹਾਲ ਕੀਤਾ।ਗਿਆਨੀ ਗੁਰਜੋਤ ਸਿੰਘ ਹੁਰਾਂ ਨੇ ਭੀ ਬਹੁਤ ਹੀ ਸੁਚੱਜੇ ਢੰਗ ਨਾਲ ਪੂਰੀ ਸੇਵਾ ਨਿਭਾਈ। ਇਸ ਉਪਰੰਤ ਸੰਗਤਾਂ ਨੇ ਲੰਗਰ ਦਾ ਅਨੰਦ ਮਾਣਿਆ।

ਭੁੱਲਰ ਪਰਿਵਾਰ ਸਾਡੀ ਕਮਿਊਨਿਟੀ ਦਾ ਇਕ ਨਾਮਵਰ ਪਰਿਵਾਰ ਹੈ। ਇਸ ਪਰਿਵਾਰ ਨੇ ਕੁਸ਼ਤੀ ਦੇ ਖੇਤਰ ਵਿਚ ਸਿਰਫ ਸਾਡੀ ਕਮਿਊਨਿਟੀ ਦਾ ਹੀ ਨਹੀਂ ਬਲਕਿ ਸਾਰੇ ਕੈਨੇਡਾ ਦਾ ਸੰਸਾਰ ਵਿਚ ਨਾਂ ਉਚਾ ਕੀਤਾ ਹੈ।ਸਾਨੂੰ ਇਸ ਪਰਿਵਾਰ ਉਪਰ ਬਹੁਤ ਮਾਣ ਹੈ।ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਦਾਸ(ਬਲਵੰਤ ਸਿੰਘ ਸੰਘੇੜਾ)ਨੇ ਹਿੰਮਤ ਸਿੰਘ ਦੇ ਪਹਿਲੇ ਜਨਮ ਦਿਨ ਦੀ ਸੰਗਤਾਂ ਨੂੰ ਵਧਾਈ ਦਿੱਤੀ ਅਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ।ਅਸੀਂ ਕਾਕਾ ਹਿੰਮਤ ਸਿੰਘ ਭੁੱਲਰ ਦੇ ਜਨਮ ਦਿਨ ਦੀ ਉਸ ਦੇ ਪਿਤਾ, ਮਾਤਾ, ਦਾਦਕਾ ਪਰਿਵਾਰ ਅਤੇ ਨਾਨਕਾ ਪਰਿਵਾਰ ਸਭ ਨੂੰ ਲੱਖ ਲੱਖ ਵਧਾਈ ਦਿੰਦੇ ਹਾਂ। ਸਾਡੀ ਵਾਹਿਗੁਰੂ ਅੱਗੇ ਇਹੀ ਅਰਦਾਸ ਹੈ ਕਿ ਬੱਚੇ ਹਿੰਮਤ ਸਿੰਘ ਦੇ ਸਿਰ ਉੱਪਰ ਹਰ ਵੇਲੇ ਆਪਣਾ ਮੇਹਰ ਭਰਿਆ ਹੱਥ ਰੱਖੇ ਅਤੇ ਇਸ ਨੂੰ ਉੱਚੀ ਵਿਦਿਆ, ਤੰਦਰੁਸਤ ਜੀਵਨ ਅਤੇ ਇਕ ਚੰਗੇ ਸ਼ਹਿਰੀ ਬਨਣ ਦੀ ਸਮਰਥਾ ਬਖਸ਼ੇ।

# ਗੁੰਮਰਾਹਕੁੰਨ ਦਾਅਵਾ

ਬੀਤੇ ਵਿਚ ਗੁੰਮਰਾਹਕੁੰਨ ਵਿਗਿਆਪਨ ਦੇਣ ਨੂੰ ਲੈ ਕੇ ਅਧਿਕਾਰੀਆਂ ਵੱਲੋਂ ਚਿਤਾਵਨੀਆਂ ਦਿੱਤੇ ਜਾਣ ਦੇ ਬਾਵਜੂਦ ਬਾਬਾ ਰਾਮਦੇਵ ਦੀ ਕੰਪਨੀ ‘ਪਤੰਜਲੀ’ ਨੇ ਅਖਬਾਰਾਂ ਵਿਚ ਅੱਧੇ ਸਫੇ ਦਾ ਵਿਗਿਆਪਨ ਦੇ ਕੇ ਇਕ ਹੋਰ ਵਿਵਾਦ ਪੈਦਾ ਕਰ ਦਿੱਤਾ ਹੈ।

ਵਿਗਿਆਪਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਉਸ ਦੇ ਬ੍ਰਾਂਡ ਦੀਆਂ ਰਵਾਇਤੀ ਦਵਾਈਆਂ ਟਾਈਪ-1 ਸ਼ੂਗਰ, ਥਾਇਰਾਈਡ, ਬਲੱਡ ਪ੍ਰੈਸ਼ਰ ਤੇ ਦਮੇ ਵਰਗੀਆਂ ਕਈ ਬਿਮਾਰੀਆਂ ਦਾ ਇਲਾਜ ਕਰ ਸਕਦੀਆਂ ਹਨ। ਵਿਗਿਆਪਨ ਦਾ ਸਿਰਲੇਖ ‘ਐਲੋਪੈਥੀ ਵੱਲੋਂ ਫੈਲਾਈਆਂ ਗਈਆਂ ਗਲਤ ਧਾਰਨਾਵਾਂ’ ਹੈ, ਜਿਸ ਨੂੰ ਕਈ ਸੀਨੀਅਰ ਡਾਕਟਰਾਂ ਨੇ ਗੁੰਮਰਾਹਕੁੰਨ ਤੇ ਪੂਰੀ ਤਰ੍ਹਾਂ ਗਲਤ ਕਰਾਰ ਦਿੰਦਿਆਂ ਖਾਰਜ ਕੀਤਾ ਹੈ। ਵਿਗਿਆਪਨ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ‘ਵਿਗਿਆਨਕ ਖੋਜ’ ਰਾਹੀਂ ਉਹ ਕਰੋੜਾਂ ਲੋਕਾਂ ਨੂੰ ਸਾਰੇ ਰੋਗਾਂ ਤੋਂ ਮੁਕਤ ਬਣਾ ਕੇ ਇਨ੍ਹਾਂ ਬਿਮਾਰੀਆਂ ਨੂੰ ਜੜ੍ਹੋਂ ਖਤਮ ਕਰਨ ਵਿਚ ਸਫਲ ਰਹੇ ਹਨ।ਡਾਕਟਰ ਸਭ ਤੋਂ ਵੱਧ ਇਸ ਦਾਅਵੇ ਤੋਂ ਹੈਰਾਨ ਹਨ ਕਿ ਪਤੰਜਲੀ ਦੀ ਦਵਾਈ ਦੁਨੀਆ ਵਿਚ ਪਹਿਲੀ ਵਾਰ ਟਾਈਪ-1 ਡਾਇਬਟੀਜ਼ (ਸ਼ੂਗਰ) ਨੂੰ ਪੂਰੀ ਤਰ੍ਹਾਂ ਠੀਕ ਕਰਨ ਵਿਚ ਸਫਲ ਰਹੀ ਹੈ । ਡਾਕਟਰਾਂ ਮੁਤਾਬਕ ਅੱਜ ਤੱਕ ਇਸ ਦਾ ਕੋਈ ਪੱਕਾ ਇਲਾਜ ਨਹੀਂ ਨਿਕਲਿਆ।ਪਦਮਸ਼੍ਰੀ ਨਾਲ ਸਨਮਾਨਤ ਤੇ ਡਾ. ਮੋਹੰਜ਼ ਡਾਇਬਟੀਜ਼ ਸਪੈਸ਼ਲਟੀਜ਼ ਸੈਂਟਰ ਦੇ ਚੇਅਰਮੈਨ ਡਾ. ਵੀ ਮੋਹਨ ਨੇ ਲੋਕਾਂ ਨੂੰ ਖਬਰਦਾਰ ਕਰਦਿਆਂ ਕਿਹਾ ਹੈ ਕਿ ਜੇ ਤੁਸੀਂ ਇੰਸੂਲਿਨ ਬੰਦ ਕਰ ਦਿਓਗੇ ਤਾਂ ਤੁਹਾਡੀ ਜਾਨ ਨੂੰ ਖਤਰਾ ਹੋ ਸਕਦਾ ਹੈ।ਅਜੇ ਤੱਕ ਟਾਈਪ-1 ਡਾਇਬਟੀਜ਼ ਦਾ ਕੋਈ ਇਲਾਜ ਨਹੀਂ ਹੈ, ਇੰਸੂਲਿਨ ਜੀਵਨ ਰੱਖਿਅਕ ਹੈ, ਕ੍ਰਿਪਾ ਕਰਕੇ ਇਸ ਨੂੰ ਜਾਰੀ ਰੱਖੋ। ਮੈਕਸ ਹੈੱਲਥ ਕੇਅਰ ਵਿਚ ਐਂਡੋਕ੍ਰਿਨੋਲੋਜੀ ਐਂਡ ਡਾਇਬਟੀਜ਼ ਦੇ ਪ੍ਰਧਾਨ ਡਾ. ਅੰਬਰੀਸ਼ ਮਿੱਤਲ ਤੇ ਹੋਰ ਡਾਕਟਰਾਂ ਨੇ ਵੀ ਕਿਹਾ ਹੈ ਕਿ ਇਸ ਵਿਗਿਆਪਨ ਵਿਚ ਬਹੁਤੀਆਂ ਗੱਲਾਂ ਸਪੱਸ਼ਟ ਤੌਰ ‘ਤੇ ਝੂਠੀਆਂ ਹਨ, ਪਰ ਕੁਝ ਦਾਅਵੇ ਪੂਰੀ ਤਰ੍ਹਾਂ ਖਤਰਨਾਕ ਹਨ। ਮਸਲਨ, ਟਾਈਪ-1 ਡਾਇਬਟੀਜ਼ ਦੇ ਮਰੀਜ਼ ਇੰਸੂਲਿਨ ਇਸਤੇਮਾਲ ਨਾ ਕਰਨ।ਇਨ੍ਹਾਂ ਡਾਕਟਰਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇੰਸੂਲਿਨ ਨਾ ਛੱਡਣ, ਇਹ ਘਾਤਕ ਹੋ ਸਕਦਾ ਹੈ।

ਇਸ ਸਾਲ ਜੁਲਾਈ ਵਿਚ ਵੀ ਪਤੰਜਲੀ ਨੇ ਵਿਗਿਆਪਨ ਦੇ ਕੇ ਦਾਅਵਾ ਕੀਤਾ ਸੀ ਕਿ ਉਹ ਕੁਝ ਪ੍ਰਮੁੱਖ ਗੈਰ-ਸੰਚਾਰੀ ਬਿਮਾਰੀਆਂ ਦਾ ਇਲਾਜ ਕਰ ਸਕਦੀ ਹੈ।ਗੈਰ-ਸੰਚਾਰੀ ਬਿਮਾਰੀਆਂ ਵਿਚ ਹਿਰਦੇ ਰੋਗ, ਸਟਰੋਕ, ਕੈਂਸਰ, ਸ਼ੂਗਰ ਤੇ ਫੇਫੜਿਆਂ ਦੀ ਪੁਰਾਣੀ ਬਿਮਾਰੀ ਆਦਿ ਸ਼ਾਮਲ ਹਨ । ਦੁਨੀਆ ਭਰ ਵਿਚ ਹੋਣ ਵਾਲੀਆਂ ਮੌਤਾਂ ਦੇ 74 ਪ੍ਰਤੀਸ਼ਤ ਲਈ ਇਹ ਬੀਮਾਰੀਆਂ ਜ਼ਿੰਮੇਦਾਰ ਹਨ।ਡਰੱਗਜ਼ ਐਂਡ ਕਾਸਮੈਟਿਕਸ ਐਕਟ 1940 ਦੇ ਭਾਗ 9, ਨਿਯਮ 106 (1) ਮੁਤਾਬਕ ਕੋਈ ਵੀ ਦਵਾਈ ਇਕ ਜਾਂ ਇਕ ਤੋਂ ਵੱਧ ਰੋਗਾਂ ਦੀ ਰੋਕਥਾਮ ਜਾਂ ਨਿਦਾਨ ਦਾ ਦਾਅਵਾ ਨਹੀਂ ਕਰ ਸਕਦੀ ਤੇ ਨਾ ਹੀ ਇਸ ਦੇ ਸੰਭਾਵਤ ਉਪਯੋਗਕਰਤਾਵਾਂ ਨੂੰ ਅਜਿਹਾ ਵਿਚਾਰ ਦੇ ਸਕਦੀ ਹੈ।

ਬਾਬਾ ਰਾਮਦੇਵ ਤੇ ਉਸ ਦੀ ਕੰਪਨੀ ਪਤੰਜਲੀ ਨੇ 2021 ਵਿਚ ਆਪਣੀ ਦਵਾਈ ‘ਕੋਰੋਨਿਲ’ ਨੂੰ ਕੋਵਿਡ-19 ਦੇ ਇਲਾਜ ਵਿਚ ਕਾਰਗਰ ਦੱਸਿਆ ਸੀ ਤੇ ਨਾਲ ਹੀ ਐਲੋਪੈਥੀ ਦੇ ਡਾਕਟਰਾਂ ਵਿਰੁੱਧ ਅਪਮਾਨਜਨਕ ਟਿੱਪਣੀਆਂ ਕੀਤੀਆਂ ਸਨ।ਡਾਕਟਰਾਂ ਨੇ ਅਦਾਲਤ ਦਾ ਰੁਖ ਕੀਤਾ ਸੀ ।

ਅਦਾਲਤ ਨੇ ਕੰਪਨੀ ਨੂੰ ਫਿਟਕਾਰਦਿਆਂ ਕਿਹਾ ਸੀ ਕਿ ਉਹ ਆਪਣੇ ਉਤਪਾਦ ਨੂੰ ਕੋਵਿਡ ਦਾ ਇਲਾਜ ਦੱਸ ਕੇ ਗੁੰਮਰਾਹ ਕਰ ਰਹੀ ਹੈ । ਕਈ ਹੋਰ ਮਾਮਲਿਆਂ ਵਿਚ ਵੀ ਬਾਬਾ ਰਾਮਦੇਵ ਤੇ ਪਤੰਜਲੀ ਦੀ ਝਾੜਝੰਬ ਹੋ ਚੁੱਕੀ ਹੈ, ਪਰ ਪਹਿਲੀ ਵਾਰ ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣਾਉਣ ‘ਚ ਰੋਲ ਅਦਾ ਕਰਨ ਵਾਲੇ ਬਾਬਾ ਰਾਮਦੇਵ ਪ੍ਰਤੀ ਕੇਂਦਰ ਸਰਕਾਰ ਵੱਲੋਂ ਸਖਤ ਰਵੱਈਆ ਨਾ ਅਪਣਾਉਣ ਕਾਰਨ ਉਹ ਗਾਹੇ-ਬਗਾਹੇ ਲੋਕਾਂ ਨੂੰ ਗੁੰਮਰਾਹ ਕਰਦਾ ਹੀ ਰਹਿੰਦਾ ਹੈ।

## (ਮੁੱਖ ਪੰਨੇ ਦੀ ਬਾਕੀ)

ਸਹਿਮਤੀ ਪਾ ਕੇ ਵੀ ਸਿੱਖ ਕੌਮ ਤੇ ਘੱਟ ਗਿਣਤੀ ਕੌਮਾਂ ਉਪਰ ਕੀਤੇ ਜਾ ਰਹੇ ਜਬਰ ਜ਼ੁਲਮ ਅਤੇ ਉਨ੍ਹਾਂ ਦੇ ਮਨੁੱਖੀ ਹੱਕਾਂ ਨੂੰ ਜਬਰੀ ਖੋਹਣ ਦੇ ਅਮਲ ਨੂੰ ਇਨਸਾਫ ਰੈਲੀ ‘ਚ ਉਜਾਗਰ ਕੀਤਾ ਗਿਆ। ਇਸ ਮੁਕੇ ਮਨੁੱਖੀ ਹੱਕਾਂ ਨਾਲ ਸੰਬੰਧਿਤ ਮਸਲਿਆਂ ਦੇ ਯੂ. ਐਨ. ਓ. ਜਨੇਵਾ ‘ਚ ਵਿਸ਼ੇਸ਼ ਹਾਈ ਕਮਿਸ਼ਨਰ ਨੂੰ ਯਾਦ ਪੱਤਰ ਦਿੱਤਾ ਗਿਆ ਤੇ ਰਾਜਸੀ ਸਿੱਖ ਕੈਦੀਆਂ ਦੀਆਂ ਸੰਖੇਪ ਜਾਣਕਾਰੀ ਦਿੰਦੀਆਂ ਵੱਡ ਆਕਾਰੀ ਤਸਵੀਰਾਂ ਦੀ ਪ੍ਰਦਰਸ਼ਨੀ ਲਗਾਈ ਗਈ।ਇਸ ਮੌਕੇ ਵਰਲਡ ਸਿੱਖ ਪਾਰਲੀਮੈਂਟ ਦੇ ਬੁਲਾਰੇ ਭਾਈ ਜੋਗਾ ਸਿੰਘ, ਜਨਰਲ ਸਕੱਤਰ ਭਾਈ ਮਨਪ੍ਰੀਤ ਸਿੰਘ, ਭਾਈ ਗੁਰਪ੍ਰੀਤ ਸਿੰਘ ਇੰਗਲੈਂਡ, ਕੋ ਕੋਅਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ, ਭਾਈ ਪ੍ਰਿਪਾਲ ਸਿੰਘ ਸਵਿਟਜ਼ਰਲੈਂਡ, ਭਾਈ ਗੁਰਪਾਲ ਸਿੰਘ ਜਰਮਨੀ, ਭਾਰੀ ਜਤਿੰਦਰ ਸਿੰਘ, ਭਾਈ ਸ਼ਿੰਗਾਰਾ ਸਿੰਘ ਮਾਨ, ਭਾਈ ਪ੍ਰਿਥੀਪਾਲ ਸਿੰਘ, ਰਾਮ ਸਿੰਘ ਫਰਾਂਸ, ਭਾਈ ਜਸਵਿੰਦਰ ਸਿੰਘ, ਭਾਈ ਹਰਜੀਤ ਸਿੰਘ ਹਾਲੈਂਡ, ਭਾਈ ਮਨਜੋਤ ਸਿੰਘ ਬੈਲਜੀਅਮ ਨੇ ਇੱਕਜੁਟਤਾ ਦਾ ਪ੍ਰਗਟਾਵਾ ਕੀਤਾ।

# ਵਰਲਡ ਸਿੱਖ ਆਰਗੇਨਾਈਜੇਸ਼ਨ ਨੇ ਕੈਨੇਡੀਅਨ ਮਾਮਲਿਆਂ ਵਿਚ ਵਧੇ ਹੋਏ ਭਾਰਤ ਦੇ ਦਖਲ ਲਈ ਤਾੜਨਾ ਕੀਤੀ

ਆਟਵਾ:-ਕੈਨੇਡਾ ਦੀ ਇੰਡੋ-ਪੈਸੀਫਿਕ ਰਣਨੀਤੀ ਦੇ ਮੱਦੇਨਜ਼ਰ ਵਿਦੇਸ਼ੀ ਦਖਲਅੰਦਾਜ਼ੀ ਨੂੰ ਦੇਖਦਿਆਂ ਕੈਨੇਡਾ ਦੀ ਵਿਸ਼ਵ ਸਿੱਖ ਸੰਸਥਾ ਨੇ ਕੈਨੇਡਾ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖਾਂ ਦੇ ਨਾਗਰਿਕ ਅਤੇ ਸਿਆਸੀ ਅਧਿਕਾਰਾਂ ਨੂੰ ਬਰਕਰਾਰ ਰੱਖਣ ਬਾਰੇ ਭਾਰਤੀ ਦਬਾਅ ਅੱਗੇ ਨਾ ਝੁਕਣ ਅਤੇ ਮਨੁੱਖੀ ਅਧਿਕਾਰਾਂ ਨਾਲ ਸਮਝੌਤਾ ਨਾ ਕਰਨ।

ਵੜਰਲਦ ਸਿੱਖ ਆਰੇਗਾਈਜੇਸ਼ਨ ਨੇ ਕਿਹਾ ਕਿ ਕੈਨੇਡਾ ਦੀ ਇੰਡੋ-ਪੈਸੀਫਿਕ ਰਣਨੀਤੀ ਦਾ ਉਦੇਸ਼ 40 ਦੇਸ਼ਾਂ ਦੇ ਇਸ ਫੋਰਮ ਵਿੱਚ ਕੈਨੇਡਾ ਦੀ ਆਰਥਿਕਤਾ ਨੂੰ ਵਧਾਉਣਾ ਹੈ। ਕੈਨੇਡਾ ਦਾ ਰਣਨੀਤਕ ਵਿਚਾਰ ਇਹ ਹੈ ਕਿ "ਇੰਡੋ-ਪੈਸੀਫਿਕ' ਤੇਜ਼ੀ ਨਾਲ ਆਰਥਿਕ ਗਤੀਸ਼ੀਲਤਾ ਅਤੇ ਰਣਨੀਤਕ ਚੁਣੌਤੀ ਦਾ ਗਲੋਬਲ ਕੇਂਦਰ ਬਣ ਰਿਹਾ ਹੈ। ਪਰ ਕੈਨੇਡੀਅਨਾਂ ਲਈ ਰਾਸ਼ਟਰੀ ਸੁਰੱਖਿਆ, ਆਰਥਿਕ ਖੁਸ਼ਹਾਲੀ, ਅੰਤਰਰਾਸ਼ਟਰੀ ਕਾਨੂੰਨ ਦਾ ਆਦਰ, ਜਮਹੂਰੀ ਕਦਰਾਂ-ਕੀਮਤਾਂ, ਜਨਤਕ ਸਿਹਤ, ਸਾਡੇ ਵਾਤਾਵਰਣ ਦੀ ਸੁਰੱਖਿਆ, ਔਰਤਾਂ ਅਤੇ ਲੜਕੀਆਂ ਦੇ ਅਧਿਕਾਰਾਂ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਵੀ ਮਹੱਤਵਪੂਰਨ ਹੈ

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਇੱਕ ਬਿਆਨ ਵਿੱਚ ਸਾਵਧਾਨ ਕੀਤਾ ਹੈ ਕਿ ਬੁਨਿਆਦੀ ਮਨੁੱਖੀ ਅਧਿਕਾਰਾਂ ਅਤੇ ਆਜ਼ਾਦੀ ਦੀ ਕੀਮਤ 'ਤੇ ਆਰਥਿਕਤਾ ਵਿੱਚ ਵਾਧਾ ਕਰਨਾ ਸਹੀ ਨਹੀਂ ਹੈ।

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਬਿਆਨ ਵਿੱਚ ਲਿਖਿਆ ਗਿਆ ਹੈ ਕਿ "ਕੈਨੇਡਾ ਵਿੱਚ ਭਾਰਤ ਦੁਆਰਾ ਸਿੱਖਾਂ ਨੂੰ ਹਾਸ਼ੀਏ 'ਤੇ ਪਹੁੰਚਾਉਣ ਅਤੇ ਚੁੱਪ ਕਰਾਉਂਣ ਦੇ ਉਦੇਸ਼ ਨਾਲ ਭਾਰਤੀ ਦਖਲਅੰਦਾਜ਼ੀ ਵੱਧ ਗਈ ਹੈ ਤੇ ਸਿੱਖ ਇਸ ਜ਼ਬਰ ਤੋਂ ਥੱਕ ਗਏ ਹਨ।"

ਕੈਨੇਡਾ ਦੀ ਇੰਡੋ-ਪੈਸੀਫਿਕ ਰਣਨੀਤੀ ਦੀ ਘੋਸ਼ਣਾ ਤੋਂ ਤੁਰੰਤ ਬਾਅਦ, ਕੈਨੇਡਾ ਵਿੱਚ ਭਾਰਤ ਦੇ ਨਵੇਂ ਨਿਯੁਕਤ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਨੇ ਕਿਹਾ, "ਕੈਨੇਡਾ ਨੂੰ "ਕੈਨੇਡਾ ਵਿੱਚ ਵਸਦੇ ਸਿੱਖ ਭਾਈਚਾਰੇ ਦੇ ਉਹਨਾਂ ਹਿੱਸਿਆਂ 'ਤੇ ਸ਼ਿਕੰਜਾ ਕੱਸਣਾ ਚਾਹੀਦਾ ਹੈ ਜੋ ਪੰਜਾਬ ਨੂੰ ਭਾਰਤ ਤੋਂ ਵੱਖ ਕਰਨ ਲਈ ਵੱਖਵਾਦੀਆਂ ਨੂੰ ਸਮਰਥਨ ਅਤੇ ਪੈਸੇ ਦੀ ਪੇਸ਼ਕਸ਼ ਕਰ ਰਹੇ ਹਨ। ਇਹ ਕੈਨੇਡੀਅਨ ਮਾਮਲਿਆਂ ਵਿੱਚ "ਸਪੱਸ਼ਟ ਦਖਲਅੰਦਾਜ਼ੀ" ਹੈ।

ਪੰਜਾਬ ਨੂੰ ਭਾਰਤ ਤੋਂ ਵੱਖ ਕਰਨ ਵਾਲੇ ਬਿਆਨ ਬਾਰੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਕਿਹਾ ਕਿ, "ਖਾਲਿਸਤਾਨ ਇੱਕ ਪ੍ਰਭੂਸੱਤਾ ਸੰਪੰਨ ਰਾਜ ਨੂੰ ਦਰਸਾਉਂਦਾ ਹੈ ਜੋ ਸਿੱਖ ਸਿਧਾਂਤਾਂ ਅਤੇ ਕਦਰਾਂ-ਕੀਮਤਾਂ ਦੇ ਅਨੁਸਾਰ ਸ਼ਾਸਨ ਕੀਤਾ ਜਾਂਦਾ ਹੈ। ਖਾਲਿਸਤਾਨ ਵੱਖ-ਵੱਖ ਤਰੀਕਿਆਂ ਨਾਲ ਸਮਝੀ ਜਾਣ ਵਾਲੀ ਇੱਕ ਰਚਨਾ ਹੈ ਅਤੇ ਦੁਨੀਆ ਭਰ ਦੇ ਸਿੱਖਾਂ ਵਿੱਚ ਮਜ਼ਬੂਤ ਭਾਸ਼ਣ ਅਤੇ ਬਹਿਸ ਦਾ ਇੱਕ ਸਰੋਤ ਹੈ। ਖਾਲਿਸਤਾਨ ਦੀ ਚਰਚਾ ਜਾਂ ਪ੍ਰਚਾਰ ਪ੍ਰਗਟਾਵੇ ਅਤੇ ਰਾਜਨੀਤਿਕ ਭਾਸ਼ਣ ਦੀ ਮਾਨਤਾ ਪ੍ਰਾਪਤ ਆਜ਼ਾਦੀ ਦੇ ਅੰਦਰ ਆਉਂਦਾ ਹੈ।

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਕਿਹਾ ਕਿ ਭਾਰਤ ਦਾ ਡਰ ਆਪਣੇ ਸਿਖਰ 'ਤੇ ਪਹੁੰਚ ਗਿਆ ਹੈ ਕਿਉਂਕਿ "ਭਾਰਤ ਨੇ ਇਸ ਮੁੱਦੇ ਤੇ ਸਿੱਖਾਂ ਨੂੰ ਚੁੱਪ ਕਰਾਉਣ ਲਈ ਕੈਨੇਡਾ 'ਤੇ ਵਾਰ-ਵਾਰ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਈ-ਵੀਜ਼ਾ ਪ੍ਰਣਾਲੀ ਦੇ ਬਾਵਜੂਦ, ਭਾਰਤ ਆਉਣ ਦੇ ਚਾਹਵਾਨ ਕੈਨੇਡੀਅਨ ਨਾਗਰਿਕਾਂ ਲਈ ਈ-ਵੀਜ਼ਾ ਨੂੰ ਲਗਾਤਾਰ ਮੁਅੱਤਲ ਕਰਨ ਵਰਗੀਆਂ ਚਾਲਾਂ ਦੀ ਵਰਤੋਂ ਕੀਤੀ ਹੈ। ਦੂਜੇ ਦੇਸ਼ਾਂ ਜਿਵੇਂ ਕਿ ਅਮਰੀਕਾ, ਫਰਾਂਸ ਅਤੇ ਮੈਕਸੀਕੋ ਲਈ ਉਪਲਬਧ ਹੈ। ਭਾਰਤੀ ਵੀਜ਼ਾ ਲਈ ਅਰਜ਼ੀ ਦੇਣ ਵਾਲੇ ਕੈਨੇਡੀਅਨ ਨਾਗਰਿਕਾਂ ਲਈ ਉਡੀਕ ਸਮਾਂ ਇਸ ਸਮੇਂ ਚਾਰ ਤੋਂ ਛੇ ਹਫ਼ਤੇ ਹੈ। ਹੋਰ ਦੇਸ਼ਾਂ ਦੇ ਨਾਗਰਿਕਾਂ ਲਈ ਬਹਾਲ ਕੀਤੇ ਜਾਣ ਦੇ ਬਾਵਜੂਦ, ਕੈਨੇਡੀਅਨ ਨਾਗਰਿਕਾਂ ਨੂੰ ਪਹਿਲਾਂ ਜਾਰੀ ਕੀਤੇ ਗਏ ਦਸ ਸਾਲਾਂ ਦੇ ਵੀਜ਼ੇ ਵੀ ਮੁਅੱਤਲ ਕਰ ਦਿੱਤੇ ਗਏ ਹਨ, ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਦੋਸ਼ ਲਾਇਆ।





AujLawZ
Tax & Accounting Services
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Courses Started
*Income Tax Preparation *Personal&Small business *Accounting Certificate *Pesticide Applicator * LLQP for Life Insurance Career
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323

TMG LOGISTICS INC.
Need Owner Operators
*Vancouver to California *California to Alberta Back Vancouver
*Vancouver to East USA Return
NOW HIRING
Good Paying Loads



Need Company Drivers
Single Driver Pay 52cents/mile
Team Drivers 32 cents/mile
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਸੰਯੁਕਤ ਰਾਸ਼ਟਰ ਕਨਵੈਨਸ਼ਨ ਦੀ 74ਵੀਂ ਵਰ੍ਹੇਗੰਢ ‘ਚ ਸਿੱਖ ਨੁਮਾਇੰਦਿਆਂ ਦੀ ਸ਼ਮੂਲੀਅਤ



ਨਿਊ ਯਾਰਕ: ਸੰਯੁਕਤ ਰਾਸ਼ਟਰ (ਯੂ. ਐਨ.) ਦਾ ਨਸਲਕੁਸ਼ੀ ਦੇ ਅਪਰਾਧ ਤੇ ਇਸ ਅਪਰਾਧ ਦੀ ਰੋਕਥਾਮ ਦੇ ਪੀੜਤਾਂ ਦੀ ਯਾਦਗਾਰ ਅਤੇ ਸਨਮਾਨ ਦਾ ਅੰਤਰਰਾਸ਼ਟਰੀ ਦਿਵਸ ਜੋ ਹਰ ਸਾਲ 9 ਦਸੰਬਰ ਨੂੰ ਦੁਨੀਆ ਭਰ ਵਿੱਚ ਨਸਲਕੁਸ਼ੀ ਦੇ ਪੀੜਤਾਂ ਦੀ ਯਾਦ ‘ਚ ਨਸਲਕੁਸ਼ੀ ਕਨਵੈਨਸ਼ਨ ਦੀ ਵਰ੍ਹੇਗੰਢ ਦੇ ਸਨਮਾਨ ਲਈ ਮਨਾਇਆ ਜਾਂਦਾ ਹੈ। ਇਸ ਸਾਲ ਨਸਲਕੁਸ਼ੀ ਬਾਰੇ ਸੰਯੁਕਤ ਰਾਸ਼ਟਰ ਕਨਵੈਨਸ਼ਨ ਦੀ 74ਵੀਂ ਵਰ੍ਹੇਗੰਢ ‘ਤੇ ਸੰਯੁਕਤ ਰਾਸ਼ਟਰ ਹੈੱਡਕੁਆਰਟਰ ਵਿਖੇ ਸਿੱਖ ਕੌਮ ਦੇ ਨੁਮਾਇੰਦੇ ਵੀ ਪੁੱਜੇ। ਸਿੱਖ ਭਾਈਚਾਰੇ ਦੀ ਇਹ ਸ਼ਮੂਲੀਅਤ ਹਰ ਸਿੱਖ ਲਈ ਮਾਣ ਵਾਲੀ ਗੱਲ ਹੈ। ਇਸ ਵਰ੍ਹੇਗੰਢ ਮੌਕੇ ਡਾਕਟਰ ਇਕਤਿਦਾਰ ਚੀਮਾ ਅਤੇ ਡਾਕਟਰ ਪ੍ਰਿਤਪਾਲ ਸਿੰਘ ਨੇ ਸੰਯੁਕਤ ਰਾਸ਼ਟਰ ਦੇ ਅੰਡਰ ਸੈਕਟਰੀ ਜਨਰਲ ਐਲਿਸ ਵੈਰਿਮੂ ਡੇਰਿਟੂ ਨੂੰ ਸਿੱਖ ਨਸਲਕੁਸ਼ੀ ਬਾਰੇ ਇੱਕ ਮੰਗ ਪੱਤਰ ਸੌਂਪਿਆ। ਦੱਸਣਯੋਗ ਹੈ ਕਿ 9 ਦਸੰਬਰ 1948 ਨੂੰ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੁਆਰਾ ਪਹਿਲੀ ਵਾਰ ਮਨੁੱਖੀ ਅਧਿਕਾਰ ਸੰਧੀ ਨੂੰ ਅਪਣਾਇਆ ਗਿਆ ਸੀ।

# 93 ਸਾਲਾ ਬਜ਼ੁਰਗ ਨੇ ਜਿੱਤੇ 40 ਗੋਲਡ ਮੈਡਲ



ਸ੍ਰੀ ਮੁਕਤਸਰ ਸਾਹਿਬ:ਜੇਕਰ ਇਰਾਦੇ ਪੱਕੇ ਹੋਣ ਤਾਂ ਉਮਰ ਕਦੇ ਵੀ ਰੁਕਾਵਟ ਨਹੀਂ ਬਣਦੀ। ਇਸ ਗੱਲ ਨੂੰ ਸੱਚ ਕਰਕੇ ਦਿਖਾਇਆ 93 ਸਾਲਾ ਬਾਬਾ ਇੰਦਰ ਸਿੰਘ ਨੇ। ਬਾਬਾ ਇੰਦਰ ਸਿੰਘ ਨੇ 93 ਸਾਲ ਦੀ ਉਮਰ ਤੱਕ ਲੰਬੀ ਛਾਲ, 200 ਮੀਟਰ ਦੌੜ ਮੁਕਾਬਲਿਆਂ ਵਿਚ ਹਿੱਸਾ ਲੈ ਕੇ 40 ਗੋਲਡ ਮੈਡਲ, 9 ਚਾਂਦੀ ਦੇ ਮੈਡਲ, 8 ਕਾਂਸੀ ਦੇ ਮੈਡਲ ਅਪਣੇ ਨਾਂ ਕਰਵਾਏ ਹਨ। ਇੰਦਰ ਸਿੰਘ ਦੱਸਦੇ ਹਨ ਕਿ ਉਹ ਰੋਜ਼ਾਨਾ 11 ਕਿਲੋਮੀਟਰ ਦੌੜਦੇ ਹਨ। ਉਨ੍ਹਾਂ ਦੱਸਿਆ ਕਿ ਉਹ ਸਧਾਰਣ ਖਾਣਾ ਖਾਂਦੇ ਹਨ। ਜਿਸ ਵਿਚ ਲਾਲ ਮਿਰਚ ਦੀ ਚਟਨੀ, ਲੱਸੀ, ਮੱਖਣ ਉਨ੍ਹਾਂ ਦੀ ਮਨਪਸੰਦ ਖੁਰਾਕ ਹੈ। ਉਹ ਗੁੜ ਖਾਣ ਦੇ ਬਹੁਤ ਸ਼ੌਕੀਨ ਹਨ। ਬਾਬਾ ਇੰਦਰ ਸਿੰਘ ਨਾਲ ਗੱਲ ਕਰਨ ਤੇ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਇੱਛਾ ਕੌਮਾਂਤਰੀ ਮੁਕਾਬਲੇ ਵਿਚ ਹਿੱਸਾ ਲੈਣ ਦੀ ਹੈ। ਉਨ੍ਹਾਂ ਦੱਸਿਆ ਕਿ ਹੁਣ ਉਹ ਨੈਸ਼ਨਲ ਬੰਗਲੌਰ ਅਤੇ ਪੰਚਕੂਲਾ ਵਿਚ ਹੋਣ ਵਾਲੀ ਖੇਡਾਂ ਦੇ ਲਈ ਵੀ ਖੁਦ ਨੂੰ ਤਿਆਰ ਕਰ ਰਹੇ ਹਨ। ਬਾਬਾ ਇੰਦਰ ਸਿੰਘ ਜਦੋਂ 75 ਸਾਲ ਦੇ ਸੀ ਤਾਂ ਖੇਡਾਂ ਵਿਚ ਹਿੱਸਾ ਲੈ ਕੇ 3 ਗੋਲਡ ਜਿੱਤੇ। ਇਸ ਤੋਂ ਬਾਅਦ ਲਗਾਤਾਰ ਜਿੱਤਦੇ ਆ ਰਹੇ ਹਨ। ਪਿਛਲੇ ਨਵੰਬਰ ਵਿਚ ਵੀ ਉਹ ਮਸਤੂਆਣਾ ਦੀਆਂ ਖੇਡਾਂ ਵਿਚ ਹਿੱਸਾ ਲੈ ਕੇ ਆਏ ਅਤੇ ਗੋਲਡ ਮੈਡਲ ਜਿੱਤਿਆ।

# ਭਾਰਤ ਇਕ ਹੋਰ ਮਹਾਨ ਸ਼ਕਤੀ ਬਣ ਕੇ ਉਭਰੇਗਾ:ਅਮਰੀਕਾ

ਵਾਸ਼ਿੰਗਟਨ: ਅਮਰੀਕੀ ਵ੍ਹਾਈਟ ਹਾਊਸ ਨੇ ਦੁਨੀਆ ’ਚ ਭਾਰਤ ਦੇ ਵਧਦੇ ਪ੍ਰਭਾਵ ’ਤੇ ਪ੍ਰਤੀਕਿਰਿਆ ਦਿੱਤੀ ਹੈ।

ਵ੍ਹਾਈਟ ਹਾਊਸ ਦੇ ਇਕ ਉੱਚ ਅਧਿਕਾਰੀ ਨੇ ਕਿਹਾ ਹੈ ਕਿ ਭਾਰਤ ਸੰਯੁਕਤ ਰਾਜ ਅਮਰੀਕਾ ਦਾ ਸਹਿਯੋਗੀ ਨਹੀਂ ਹੋਵੇਗਾ, ਸਗੋਂ ਇਕ ਹੋਰ ਵੱਡੀ ਤਾਕਤ ਬਣੇਗਾ। ਅਮਰੀਕੀ ਅਧਿਕਾਰੀ ਨੇ ਕਿਹਾ ਕਿ ਪਿਛਲੇ 20 ਸਾਲਾਂ ਵਿੱਚ ਭਾਰਤ-ਅਮਰੀਕਾ ਦੁਵੱਲੇ ਸਬੰਧ ਕਿਸੇ ਵੀ ਦੁਵੱਲੇ ਸਬੰਧਾਂ ਨਾਲੋਂ ਤੇਜ਼ੀ ਨਾਲ ਅਤੇ ਡੂੰਘੇ ਹੋਏ ਹਨ।









# ਮਿਸ਼ਨਰੀਆਂ ਦਾ ਤਰਕ ਸ਼ਾਸਤਰ

ਜੇ ਨਵ ਸਿਖ ਮਿਸ਼ਨਰੀਆਂ ਅਨੁਸਾਰ ਪਾਣੀ ਦੀ ਘਾਟ ਕਾਰਣ ਗੁਰੂ ਵਲੋਂ ਉਸਾਰੇ ਸਰੋਵਰ ਇਸ਼ਨਾਨ ਲਈ ਸਨ ਤਾਂ ਫਿਰ ਅੱਜ ਤਾਂ ਹਰ ਘਰ ਵਿਚ ਇਸ਼ਨਾਨ ਘਰ ਹਨ।ਕੀ ਸਰੋਵਰ ਵਿਚ ਇਸ਼ਨਾਨ ਨਹੀਂ ਕਰਨਾ ਚਾਹੀਦਾ?ਕੀ ਇਹ ਗੁਨਾਹ ਹੈ ਕਿ ਜੇ ਸਿਖ ਗੁਰੂ ਘਰਾਂ ਦੇ ਸਰੋਵਰ ਵਿਚ ਇਸ਼ਨਾਨ ਕਰਨ ਜਾਂਦਾ ਹੈ? ਸਿਖ ਦੀ ਗੁਰੂ ਵਿਚ ਸ਼ਰਧਾ ਹੈ ਉਹ ਜੋ ਮੰਗਦਾ ਹੈ ਗੁਰੂ ਕੋਲ ਮੰਗਦਾ ਹੈ।ਉਹ ਸਵਰਗ ਨਰਕ ,ਮੁਕਤੀ ਦੇ ਚਕਰ ਵਿਚ ਨਹੀਂ ਹੈ।ਤੁਸੀਂ ਨਵ ਮਿਸ਼ਨਰੀ ਆਪਣਾ ਅਖੌਤੀ ਤਰਕ ਸ਼ਾਸਤਰ ਕਿਉਂ ਅਪਲਾਈ ਕਰਦੇ ਹੋ ਕਿ ਤੀਰਥ ਯਾਤਰਾ ਤੇ ਇਸ਼ਨਾਨ ਗੁਰਬਾਣੀ ਅਨੁਸਾਰ ਪਖੰਡ ਹਨ।ਕੀ ਗੁਰੂ ਨੇ ਸਰੋਵਰ ਬਣਾਕੇ ਆਪਣੇ ਵਿਚਾਰ ਦੀ ਨਿਖੇਧੀ ਕੀਤੀ ਸੀ?ਸਮਝੋ ਇਸ ਇਤਿਹਾਸਕ ਮਹਤਵ ਨੂੰ ਇਹ ਸਰੋਵਰ ਵਰਨ ਆਸ਼ਰਮ ਦੇ ਉਪਰ ਵਡਾ ਹਮਲਾ ਸਨ ਤੇ ਹਨ ਕਿਉਂਕਿ ਕਿ ਹਰ ਜਾਤ ਧਰਮ ਦਾ ਬੰਦਾ ਇਥੇ ਇਸ਼ਨਾਨ ਕਰਕੇ ਮਨੁੱਖਤਾ ਵਿਚ ਸ਼ਾਮਲ ਹੁੰਦਾ।ਗੁਰੂ ਦਾ ਸ਼ੁਕਰਾਨਾ ਕਰਦਾ ਹੈ।ਇਸ ਨਾਲ ਸਾਡਾ ਅਠਾਰਵੀਂ ਸਦੀ ਦਾ ਸਿਖ ਸੰਘਰਸ਼ ਜੁੜਿਆ ਹੈ।ਸ਼ੁਕਰ ਕਰੋ ਗੁਰੂ ਦਾ ਤੁਹਾਨੂੰ ਗੰਗਾ ਜਮੁਨਾ ਨਾਲੋਂ ਤੋੜਕੇ ਰਬੀ ਚੇਤਨਾ ਨਾਲ ਜੋੜਿਆ।ਗੁਰਦੁਆਰੇ ਤੀਰਥ ਨਹੀਂ ਗੁਰੂ ਦੀਆਂ ਯਾਦਗਾਰਾਂ ਹਨ ਸਾਡੇ ਸਕੂਲ ਹਨ ,ਸਾਡੇ ਸੰਗਤੀ ਕੇਂਦਰ ਹਨ ,ਮਨੁੱਖਤਾ ਪਖੀ ਇਤਿਹਾਸ ਇਸ ਨਾਲ ਜੁੜਿਆ ਹੈ।ਤੁਹਾਡੇ ਤੇ ਕਾਮਰੇਡਾਂ ਵਿਚ ਕੀ ਫਰਕ।ਤੁਹਾਨੂੰ ਯਾਦ ਕਰਾ ਦੇਈਏ ਇਕ ਸੈਮੀਨਾਰ ਜੋ ਜਵਦੀ ਟਕਸਾਲ ਲੁਧਿਆਣਾ ਵਿਖੇ ਬਾਬਾ ਸੁਚਾ ਸਿੰਘ ਸਮੇਂ ਹੋਇਆ ਤਾਂ ਕਾਮਰੇਡੀ ਤਰਕਵਾਦੀ ਅਮਰਜੀਤ ਗਰੇਵਾਲ ਨੇ ਤਰਕਸ਼ਾਸਤਰ ਅਪਲਾਈ ਕਰਕੇ ਪੰਜ ਕਕਾਰਾਂ ਨੂੰ ਕਰਮਕਾਂਡ ਤੇ ਮਹਤਵਹੀਣ ਦਸਿਆ।ਉਸ ਬਾਰੇ ਉਸ ਸਮੇਂ ਕਲਮੀ ਜੰਗ ਗੁਰੂ ਗੋਬਿੰਦ ਸਿੰਘ ਸਟਡੀ ਸਰਕਲ ਤੇ ਮੈਂ ਲੜੀ ਸੀ।ਹੈਰਾਨੀ ਹੈ ਕਿ ਹੁਣ ਅਨੇਕਾਂ ਗਰੇਵਾਲ ਨਵ ਮਿਸ਼ਨਰੀ ਰੂਪ ਵਿਚ ਪੈਦਾ ਹੋ ਗਏ ਹਨ।ਪਰ ਇਹ ਸਫਲ ਨਹੀਂ ਹੋਣਗੇ।ਇਹਨਾਂ ਦੀ ਜੁਆਬਦੇਹੀ ਹੋਵੇਗੀ।ਹੁਣ ਮੇਰੀ ਕਲਮ ਵੀ ਇਹਨਾਂ ਤਰਕਸ਼ਾਸਤਰ ਉਪਰ ਚਲੇਗੀ ਜੋ ਸਾਡੇ ਇਤਹਾਸ ਤੇ ਗੁਰੂ ਬਿਰਤਾਂਤ ਉਪਰ ਹਮਲਾ ਵਰ ਹਨ।ਸਿਖੀ ਦਾ ਤਰਕਸ਼ਾਸਤਰ ਨਾਲ ਕੋਈ ਲੈਣਾ ਦੇਣਾ ਨਹੀਂ।ਬਿਬੇਕ ਤੇ ਤਰਕ ਇਕ ਦੂਸਰੈ ਉਲਟ ਹਨ।ਤਰਕ ਭਰਮ ਤੇ ਝੂਠ ਇਲਤਾਂ ਉਪਰ ਖੜਿਆ ਹੈ ਤੇ ਬਿਬੇਕ ਰਬੀ ਸਚ ਉਪਰ ਜੋ ਸੰਗਤ ਨੂੰ ਜੋੜਦਾ ਤੇ ਸਰਬਤ ਦਾ ਭਲਾ ਮੰਗਦਾ ਹੈ।

**–ਪ੍ਰੋ.ਬਲਵਿੰਦਰ ਪਾਲ ਸਿੰਘ**

*MORTGAGES FOR UPTO 50 MILLION
IS AVAILABLE FOR LARGE PROJECTS
Please Call:
SARBJIT DUBB, AMP
Mortgage Consultant
604-780-4497
Verico A.K. Mortgage Plus Inc.
AK Mortgage Professional Mortgage Consultants Plus
A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca
*Rates are subject to change. O.A.C. Some Conditions Apply. VERICO A.K. MORTGAGE PLUS INC
Yes, Private Mortgages Start from 8.25% for a limited time*
Foreclosure?, we can help.
QUICK & EASY APPROVALS



# ਇਸਲਾਮਿਕ ਸਹਿਯੋਗ ਸੰਗਠਨ ਦੀ ਕਸ਼ਮੀਰ ਬਾਰੇ ਭਾਰਤ ਨੇ ਕੀਤੀ ਨਿਖੇਧੀ

ਨਵੀਂ ਦਿੱਲੀ: ਕਸ਼ਮੀਰ 'ਬਾਰੇ ਇਸਲਾਮਿਕ ਸਹਿਯੋਗ ਸੰਗਠਨ (ਓ.ਆਈ.ਸੀ.) ਦੇ ਸਕੱਤਰ ਜਨਰਲ ਦੇ ਸਖ਼ਤ ਸ਼ਬਦਾਂ ਵਾਲੇ ਬਿਆਨ ਦੀ ਭਾਰਤ ਨੇ ਨਿਖੇਧੀ ਕੀਤੀ ਹੈ।ਜੰਮੂ-ਕਸ਼ਮੀਰ ਦੇ ਵਿਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਇਸਲਾਮਿਕ ਸਹਿਯੋਗ ਸੰਗਠਨ ਨੇ ਭਾਰਤ ਨੂੰ ਕੋਸਿਆ ਹੈ।ਓ.ਆਈ.ਸੀ. ਦੇ ਸਕੱਤਰ ਜਨਰਲ ਹਿਸੀਨ ਬ੍ਰਾਹਮ ਤਾਹਾ ਨੇ ਇਕ ਵਫਦ ਦੇ ਨਾਲ ਆਜ਼ਾਦ ਕਸ਼ਮੀਰ ਦੇ ਕੁਝ ਹਿੱਸਿਆਂ ਦਾ ਦੌਰਾ ਕੀਤਾ।ਇੱਕ ਬਿਆਨ ਵਿੱਚ, ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ, ਅਸੀਂ ਓਆਈਸੀ ਦੇ ਸਕੱਤਰ ਜਨਰਲ ਦੀ ਆਜ਼ਾਦ ਕਸ਼ਮੀਰ ਫੇਰੀ ਅਤੇ ਪਾਕਿਸਤਾਨ ਦੀ ਯਾਤਰਾ ਦੌਰਾਨ ਆਈਆਈਓਜੇਕੇ ਬਾਰੇ ਉਨ੍ਹਾਂ ਦੀਆਂ ਟਿੱਪਣੀਆਂ ਦੀ ਸਖ਼ਤ ਨਿੰਦਾ ਕਰਦੇ ਹਾਂ।

ਓਆਈਸੀ ਮੁਖੀ ਦੇ ਬਿਆਨ ਤੋਂ ਪੈਦਾ ਹੋਈ ਨਮੋਸ਼ੀ ਨੂੰ ਘਟਾਉਣ ਦੀ ਕੋਸ਼ਿਸ਼ ਵਿੱਚ, ਬੁਲਾਰੇ ਨੇ ਪੁਰਾਣੇ ਮੰਤਰ 'ਤੇ ਜ਼ੋਰ ਦਿੱਤਾ ਅਤੇ ਕਿਹਾ, "ਮੈਂ ਦੁਹਰਾਉਂਦਾ ਹਾਂ ਕਿ ਜੰਮੂ-ਕਸ਼ਮੀਰ, ਜੋ ਕਿ ਭਾਰਤ ਦਾ ਅਨਿੱਖੜਵਾਂ ਅਤੇ ਅਟੁੱਟ ਹਿੱਸਾ ਹੈ, ਨਾਲ ਸਬੰਧਤ ਮਾਮਲਿਆਂ ਵਿੱਚ ਓਆਈਸੀ ਦੀ ਕੋਈ ਸਥਿਤੀ ਨਹੀਂ ਹੈ। ਓਆਈਸੀ ਅਤੇ ਇਸ ਦੇ ਸਕੱਤਰ ਜਨਰਲ ਦੁਆਰਾ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣ ਦੀ ਕੋਈ ਵੀ ਕੋਸ਼ਿਸ਼ ਪੂਰੀ ਤਰ੍ਹਾਂ ਅਸਵੀਕਾਰਨ ਯੋਗ ਹੈ।ਇਸਲਾਮਿਕ ਸਹਿਯੋਗ ਸੰਗਠਨ ਦੇ ਸਕੱਤਰ ਜਨਰਲ ਅਤੇ ਵਫ਼ਦ ਨੇ ਆਪਣੀ ਮੁਜ਼ੱਫਰਾਬਾਦ ਫੇਰੀ ਦੌਰਾਨ ਕਸ਼ਮੀਰ ਦੀ ਅਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਲੋਕਾਂ ਦੀ ਯਾਦ ਵਿੱਚ ਸ਼ਰਧਾਂਜਲੀ ਭੇਟ ਕੀਤੀ।

# ਚੀਨ ਭਾਰਤ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਿਹਾ ਹੈ

ਨਵੀਂ ਦਿੱਲੀ—ਸੁਰੱਖਿਆ ਮਾਹਿਰ ਲੈਫਟੀਨੈਂਟ ਜਨਰਲ ਅਤਾ ਹਸਨੈਨ ਨੇ ਅਰੁਣਾਚਲ ਦੇ ਤਵਾਂਗ 'ਚ ਭਾਰਤੀ ਅਤੇ ਚੀਨੀ ਫੌਜੀਆਂ ਵਿਚਾਲੇ ਹੋਈ ਝੜਪ 'ਤੇ ਕਿਹਾ ਕਿ ਇਹ ਇਕ ਮਾਮਲਾ ਹੈ ਪਰ ਜੇਕਰ ਅਜਿਹੇ ਮਾਮਲੇ ਹੁੰਦੇ ਰਹੇ ਤਾਂ ਇਹ ਇਕ ਪੈਟਰਨ ਬਣ ਜਾਵੇਗਾ।

ਉਨ੍ਹਾਂ ਕਿਹਾ ਕਿ ਭਾਰਤੀ ਹਥਿਆਰਬੰਦ ਬਲ ਕਿਸੇ ਵੀ ਸਥਿਤੀ ਵਿੱਚ ਚੀਨ ਦਾ ਸਾਹਮਣਾ ਕਰਨ ਲਈ ਹਮੇਸ਼ਾ ਤਿਆਰ ਹਨ। ਉਨ੍ਹਾਂ ਕਿਹਾ ਕਿ ਚੀਨ ਭਾਰਤ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਹਾਲਾਂਕਿ ਅਜਿਹੀ ਘਟਨਾ ਕਾਫੀ ਸਮੇਂ ਬਾਅਦ ਵਾਪਰੀ ਹੈ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ
www.singhsabhasurrey.com
8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ
ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ
ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਦਸੰਬਰ ਮਹੀਨੇ ਦੇ ਪ੍ਰੋਗਰਾਮ
ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਸਾਕਾ ਚਮਕੌਰ ਸਾਹਿਬ ਸ਼ਹੀਦੀ ਵੱਡੇ ਸਾਹਿਬਜ਼ਾਦਿਆਂ ਦਾ ਮਨਾਇਆ ਜਾਵੇਗਾ ਅਤੇ 3 ਅਖੰਡਪਾਠ ਸਾਹਿਬ ਦੀ ਸੇਵਾ ਹੋ ਰਹੀ ਹੈ:
1. ਜ਼ਿਲ੍ਹਾ ਮਲੇਰਕੋਟਲਾ ਇਲਾਕਾ ਨਿਵਾਸੀਆਂ ਵੱਲੋਂ 2. ਭਾਈ ਸੁਖਦੇਵ ਸਿੰਘ ਬੋਪਰਾਏ ਅਤੇ ਸੰਗਤ ਵੱਲੋਂ ਫੇਰੂ ਸ਼ਹਿਰ ਦੇ ਸ਼ਹੀਦਾਂ ਦੀ ਯਾਦ 'ਚ
3. ਭਾਈ ਜਸਵਿੰਦਰ ਸਿੰਘ ਬਿਨਿੰਗ ਪਰਿਵਾਰ ਵੱਲੋਂ
ਇਹ ਅਖੰਡਪਾਠ ਸਾਹਿਬ 16 ਦਸੰਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 18 ਦਸੰਬਰ ਦਿਨ ਐਤਵਾਰ ਨੂੰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
*16 ਦਸੰਬਰ ਦਿਨ ਸ਼ੁੱਕਰਵਾਰ ਅਨੰਦਕਾਰਜ ਕਾਕਾ ਸਾਗਰ ਸਿੰਘ ਚੀਮਾ ਅਤੇ ਬੱਚੀ ਅਮਨਪ੍ਰੀਤ ਕੌਰ
*17 ਦਸੰਬਰ ਦਿਨ ਸ਼ਨਿਚਰਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਸਵਿੰਦਰ ਸਿੰਘ ਹੀਰ ਪਰਿਵਾਰ ਵੱਲੋਂ ਹੋਵੇਗੀ।
*17 ਦਸੰਬਰ ਦਿਨ ਸ਼ਨਿਚਰਵਾਰ ਸਵ. ਅਜੀਤ ਸਿੰਘ ਜੀ ਦਾ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਸਵੇਰੇ 10 ਵਜੇ ਹੋਵੇਗਾ।ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਗਏ ਸਹਿਜਪਾਠ ਦੇ ਭੋਗ ਪਾਏ ਜਾਣਗੇ ਤੇ ਅੰਤਮ ਅਰਦਾਸ ਸਵੇਰੇ 11.30 ਵਜੇ ਹੋਵੇਗੀ।
*17 ਦਸੰਬਰ ਦਿਨ ਸ਼ਨਿਚਰਵਾਰ ਸਵ. ਮੋਹਨ ਸਿੰਘ ਧਾਲੀਵਾਲ ਦਾ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਦੁਪਹਿਰ 2 ਵਜੇ ਹੋਵੇਗਾ।ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਗਏ ਸਹਿਜਪਾਠ ਦੇ ਭੋਗ ਪਾਏ ਜਾਣਗੇ ਤੇ ਅੰਤਮ ਅਰਦਾਸ ਸ਼ਾਮ 3.30 ਵਜੇ ਹੋਵੇਗੀ।
*ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਬੀਬੀ ਅਮਨਜੀਤ ਕੌਰ ਪਰਿਵਾਰ ਵੱਲੋਂ ਹੋਵੇਗੀ।
*19 ਦਸੰਬਰ ਦਿਨ ਸੋਮਵਾਰ ਨੂੰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਔਸਕਰ ਸਿੰਘ ਪਰਿਵਾਰ ਵੱਲੋਂ ਹੋਵੇਗੀ।
*20 ਦਸੰਬਰ ਦਿਨ ਮੰਗਲਵਾਰ ਸਵ. ਬਲਰਾਜ ਸਿੰਘ ਬਾਠ ਦਾ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਸਵੇਰੇ 10 ਵਜੇ ਹੋਵੇਗਾ।ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਗਏ ਸਹਿਜਪਾਠ ਦੇ ਭੋਗ ਪਾਏ ਜਾਣਗੇ ਤੇ ਅੰਤਮ ਅਰਦਾਸ ਸਵੇਰੇ 11.30 ਵਜੇ ਹੋਵੇਗੀ।
*22 ਦਸੰਬਰ ਦਿਨ ਵੀਰਵਾਰ ਸਵ. ਬੀਬੀ ਹਰਬੰਸ ਕੌਰ ਦਾ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਸਵੇਰੇ 10 ਵਜੇ ਹੋਵੇਗਾ।ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਗਏ ਸਹਿਜਪਾਠ ਦੇ ਭੋਗ ਪਾਏ ਜਾਣਗੇ ਤੇ ਅੰਤਮ ਅਰਦਾਸ ਸ਼ਾਮ 11.30 ਵਜੇ ਹੋਵੇਗੀ।
*22 ਦਸੰਬਰ ਦਿਨ ਵੀਰਵਾਰ ਸ਼ਾਮ ਦੇ ਕੀਰਤਨ ਸਮਾਗਮ ਅਖੰਡ ਕੀਰਤਨੀ ਜਥੇ ਵੱਲੋਂ ਸ਼ਾਮ 6 ਤੋਂ 9 ਵਜੇ ਤੱਕ।



ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ
ਕੀਰਤਨੀ ਜਥੇ:ਭਾਈ ਹਰਭਜਨ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ
ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 778-713-5121, 604-590-3224, ਫੈਕਸ:604-572-3276

# ਨਕੋਦਰ ਕਤਲ ਕਾਂਡ:'ਮਾਹੌਲ ਦੇਖ ਲਓ ਬੰਦਾ ਹੱਕ ਦੀ ਕਮਾਈ ਕਰ ਕੇ ਵੀ ਇੱਥੇ ਜੀਅ ਨਹੀਂ ਸਕਦਾ'




ਦੇ ਨਿੱਕੀਆਂ ਕੁੜੀਆਂ, ਪਤਨੀ ਤੇ ਸਾਡਾ ਸਹਾਰਾ ਮੇਰਾ ਪੁੱਤਰ ਤੁਰ ਗਿਆ

ਨਕੋਦਰ (ਸਰਬਜੀਤ ਸਿੰਘ ਧਾਲੀਵਾਲ) ਨਕੋਦਰ ਵਿੱਚ ਕੱਪੜਾ ਵਪਾਰੀ ਭੁਪਿੰਦਰ ਸਿੰਘ ਟਿੰਮੀ ਦਾ 7 ਦਸੰਬਰ ਦੀ ਰਾਤ ਗੋਲੀਆਂ ਮਾਰ ਕੇ ਕਤਲ ਕੀਤਾ ਗਿਆ ਸੀ।"ਘਰ ਦਾ ਸਟੇਅਰਿੰਗ ਹੀ ਟੁੱਟ ਗਿਆ, ਕੁਝ ਸਮਝ ਨਹੀਂ ਆ ਰਿਹਾ। ਸਾਡੇ ਨਾਲ ਇਹ ਕਿਉਂ ਹੋਇਆ ਹੈ?''

''ਕਿਸੇ ਨਾਲ ਸਾਡਾ ਵੈਰ ਨਹੀਂ ਹੈ, ਕੱਪੜੇ ਦੀ ਛੋਟੀ ਦੁਕਾਨ ਚਲਾ ਕੇ ਰੋਜ਼ੀ ਰੋਟੀ ਕਮਾਉਂਦੇ ਹਾਂ ਪਰ ਮੇਰਾ ਪੁੱਤ ਮੇਰੀਆਂ ਅੱਖਾਂ ਸਾਹਮਣੇ ਮਾਰ ਦਿੱਤਾ ਗਿਆ।"ਇਹ ਕਹਿਣਾ ਹੈ ਹਰਮਿੰਦਰ ਸਿੰਘ ਚਾਵਲਾ ਦਾ, ਜਿਨ੍ਹਾਂ ਦੇ ਜਵਾਨ ਪੁੱਤਰ ਭੁਪਿੰਦਰ ਸਿੰਘ ਉਰਫ਼ ਟਿੰਮੀ ਚਾਵਲਾ ਦਾ ਕਤਲ ਪਿਛਲੇ ਬੁੱਧਵਾਰ ਨੂੰ ਜਲੰਧਰ ਦੇ ਨਕੋਦਰ ਵਿਖੇ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਕਰ ਦਿੱਤਾ ਗਿਆ ਸੀ।ਇਸ ਘਟਨਾ ਵਿੱਚ ਟਿੰਮੀ ਚਾਵਲਾ ਦੀ ਸੁਰੱਖਿਆ ਵਿੱਚ ਤੈਨਾਤ ਪੰਜਾਬ ਪੁਲਿਸ ਦੇ ਜਵਾਨ ਮਨਦੀਪ ਸਿੰਘ ਦੀ ਵੀ ਮੌਤ ਹੋ ਗਈ ਸੀ।ਪੁੱਤਰ ਦੀਆਂ ਅਸਥੀਆਂ ਤਾਰ ਕੇ ਘਰ ਪਹੁੰਚੇ ਹਰਮਿੰਦਰ ਸਿੰਘ ਚਾਵਲਾ ਨੇ ਦੱਸਿਆ ਕਿ ਉਨ੍ਹਾਂ ਦੀ ਸਾਰੀ ਉਮਰ ਸੰਘਰਸ਼ ਵਿੱਚ ਲੰਘ ਗਈ ਪਰ ਜਦੋਂ ਪੁੱਤਰ ਜਵਾਨ ਹੋਇਆ ਤਾਂ ਉਸ ਨੇ ਦੁਕਾਨ ਵਿੱਚ ਸਾਥ ਦਿੱਤਾ ਤਾਂ ਕੰਮ ਚੱਲ ਪਿਆ।ਹਰਮਿੰਦਰ ਸਿੰਘ ਚਾਵਲਾ ਕਹਿੰਦੇ ਹਨ ਕਿ ਸੋਚਿਆ ਸੀ 70 ਸਾਲ ਦੀ ਉਮਰ ਵਿੱਚ ਆਰਾਮ ਨਾਲ ਘਰ ਬੈਠਾਂਗਾ ਪਰ ਪਤਾ ਨਹੀਂ ਸੀ ਇਸ ਉਮਰ ਵਿੱਚ ਬੁਢਾਪੇ ਦੀ ਇਕਲੌਤੀ ਲਾਠੀ ਹੀ ਟੁੱਟ ਜਾਵੇਗੀ।ਹਰਮਿੰਦਰ ਸਿੰਘ ਚਾਵਲਾ ਨਕੋਦਰ ਰਾਇਲ ਟਾਵਰ ਦੁਕਾਨਦਾਰ ਐਸੋਸੀਏਸ਼ਨ ਦੇ ਪ੍ਰਧਾਨ ਵੀ ਹਨ।ਪਿਛਲੇ ਕਈ ਸਾਲਾਂ ਤੋਂ ਉਹ ਰੈਡੀਮੇਡ ਕੱਪੜੇ ਦੀ ਦੁਕਾਨ ਚਲਾਉਂਦੇ ਹਨ।ਹਰਮਿੰਦਰ ਸਿੰਘ ਚਾਵਲਾ ਨੇ ਦੱਸਿਆ, ''ਇੱਕ ਨਵੰਬਰ ਨੂੰ ਫਿਰੌਤੀ ਲਈ ਟਿੰਮੀ ਨੂੰ ਪਹਿਲੀ ਵਾਰ ਫ਼ੋਨ ਆਇਆ ਸੀ, ਜਿਸ ਵਿੱਚ ਫ਼ੋਨ ਕਰਨ ਵਾਲੇ ਨੇ 30 ਲੱਖ ਰੁਪਏ ਦੀ ਮੰਗ ਕੀਤੀ ਗਈ।''''ਇਸ ਤੋਂ ਬਾਅਦ ਘਰ ਵਿੱਚ ਸਹਿਮ ਦਾ ਮਾਹੌਲ ਬਣ ਗਿਆ।''''ਘਰ ਦੇ ਚਾਰੇ ਪਾਸੇ ਸੀਸੀਟੀਵੀ ਕੈਮਰੇ ਲਗਾਏ ਗਏ ਅਤੇ ਪੁਲਿਸ ਕੋਲ ਸ਼ਿਕਾਇਤ ਕੀਤੀ ਗਈ।''''ਇਸ ਤੋਂ ਬਾਅਦ ਪੁਲਿਸ ਨੇ ਭੁਪਿੰਦਰ ਸਿੰਘ ਦੇ ਨਾਲ ਸੁਰੱਖਿਆ ਕਰਮੀ ਤੈਨਾਤ ਕਰ ਦਿੱਤੇ।''''ਪਰ ਇਸ ਦੇ ਬਾਵਜੂਦ ਬਦਮਾਸ਼ ਲਗਾਤਾਰ ਫ਼ੋਨ ਕਰਦੇ ਰਹੇ, ਇਨ੍ਹਾਂ ਦੀ ਸੀਆਈਡੀ ਇੰਨੀ ਜ਼ਿਆਦਾ ਸੀ ਕਿ ਟਿੰਮੀ ਜਿੱਥੇ ਵੀ ਜਾਂਦਾ, ਉਨ੍ਹਾਂ ਨੂੰ ਪਤਾ ਹੁੰਦਾ ਸੀ।''

ਹਰਮਿੰਦਰ ਸਿੰਘ ਚਾਵਲਾ ਨੇ ਦੱਸਿਆ ਕਿ ਪਿਛਲੇ ਬੁੱਧਵਾਰ ਨੂੰ ਰਾਤੀ ਕਰੀਬ ਅੱਠ ਵਜੇ ਜਦੋਂ ਦੁਕਾਨ ਬੰਦ ਕਰ ਕੇ ਟਿੰਮੀ ਘਰ ਜਾਣ ਲਈ ਆਪਣੀ ਕਾਰ ਵਿੱਚ ਸਵਾਰ ਹੋਇਆ ਤਾਂ ਪਹਿਲਾਂ ਤੋਂ ਉਸ ਦਾ ਇੰਤਜ਼ਾਰ ਕਰ ਰਹੇ ਬਦਮਾਸ਼ਾਂ ਨੇ ਗੋਲੀਆਂ ਚਲਾ ਦਿੱਤੀਆਂ।ਟਿੰਮੀ ਦੀ ਸੁਰੱਖਿਆ ਵਿੱਚ ਤੈਨਾਤ ਮਨਦੀਪ ਸਿੰਘ ਨਾਮਕ ਪੁਲਿਸ ਕਰਮੀਂ ਨੇ ਜਦੋਂ ਜਵਾਬੀ ਕਾਰਵਾਈ ਕੀਤੀ ਤਾਂ ਉਸ ਉੱਤੇ ਵੀ ਗੋਲੀਆਂ ਚਲਾ ਦਿੱਤੀਆਂ ਗਈਆਂ। ਇਹ ਪੁਲਿਸ ਕਰਮੀ ਸ਼ਾਹਕੋਟ ਦੇ ਪਿੰਡ ਗਾਜਰਾਂ ਦਾ ਰਹਿਣ ਵਾਲਾ ਸੀ।

ਟਿੰਮੀ ਦੀ ਮੌਕੇ ਉੱਤੇ ਹੀ ਅਤੇ ਪੁਲਿਸ ਕਰਮੀ ਮਨਦੀਪ ਸਿੰਘ ਦੀ ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ।ਟਿੰਮੀ ਚਾਵਲਾ ਦੀਆਂ ਦੋ ਧੀਆਂ ਹਨ ਅਤੇ ਪੰਜਾਬ ਪੁਲਿਸ ਦੇ ਕਰਮੀ ਮਨਦੀਪ ਸਿੰਘ ਦਾ ਇੱਕ ਬੱਚਾ ਹੈ।

ਸਹਿਮ ਦੇ ਮਾਹੌਲ ਬਾਰੇ ਗੱਲ ਕਰਦਿਆਂ ਹਰਮਿੰਦਰ ਸਿੰਘ ਚਾਵਲਾ ਆਖਦੇ ਹਨ, "ਮਾਹੌਲ ਦੇਖ ਲਓ, ਬੰਦਾ ਹੱਕ ਦੀ ਕਮਾਈ ਕਰ ਕੇ ਵੀ ਇੱਥੇ ਜੀਅ ਨਹੀਂ ਸਕਦਾ।''ਟਿੰਮੀ ਚਾਵਲਾ ਦੋ ਭੈਣਾਂ ਦਾ ਇਕਲੌਤਾ ਭਰਾ ਸੀ। ਟਿੰਮੀ ਦੇ ਜਾਣ ਤੋਂ ਬਾਅਦ ਉਹ ਕਾਫ਼ੀ ਸਦਮੇ ਵਿੱਚ ਹਨ।ਟਿੰਮੀ ਚਾਵਲਾ ਦੀ ਭੈਣ ਗਗਨਦੀਪ ਕੌਰ ਨੇ ਦੱਸਿਆ, "ਅਸੀਂ ਫ਼ਿਲਮਾਂ ਵਿੱਚ ਦੇਖਦੇ ਸੀ ਕਿ ਫਿਰੌਤੀ ਲਈ ਬਦਮਾਸ਼ ਫ਼ੋਨ ਕਰਦੇ ਹਨ, ਪਰ ਸਾਨੂੰ ਨਹੀਂ ਸੀ ਪਤਾ ਕਿ ਇੱਕ ਦਿਨ ਸਾਡੇ ਘਰ ਦਾ ਚਿਰਾਗ਼ ਵੀ ਇਸੀ ਕਰਕੇ ਬੁਝ ਜਾਵੇਗਾ।''ਨਕੋਦਰ ਦੀ ਆਦਰਸ਼ ਕਾਲੋਨੀ ਵਿੱਚ ਟਿੰਮੀ ਚਾਵਲਾ ਦਾ ਘਰ ਹੈ ਅਤੇ ਉਸ ਦੀ ਦੁਕਾਨ ਰਾਇਲ ਟਾਵਰ ਵਿੱਚ ਸੀ।

ਗਗਨਦੀਪ ਆਖਦੀ ਹੈ ਕਿ ਪਤਾ ਨਹੀਂ ਪੰਜਾਬ ਦੇ ਕਿਸ ਤਰਾਂ ਦੇ ਹਾਲਤ ਬਣਦੇ ਜਾ ਰਹੇ ਹਨ, ਪੰਜਾਬ ਤੋਂ ਬੱਚੇ ਵਿਦੇਸ਼ ਜਾ ਰਹੇ ਹਨ।''ਉੱਥੇ ਵੀ ਜ਼ਿੰਦਗੀ ਬਹੁਤ ਔਖੀ ਹੈ ਪਰ ਹੁਣ ਅਸੀਂ ਵੀ ਪਛਤਾ ਰਹੇ ਹਾਂ ਕਿ ਜੇਕਰ ਅਸੀਂ ਆਪਣੇ ਭਰਾ ਨੂੰ ਵਿਦੇਸ਼ ਭੇਜ ਦਿੰਦੇ ਤਾਂ ਸ਼ਾਇਦ ਉਸ ਦੀ ਜਾਨ ਬਚ ਜਾਂਦੀ, ਉਥੇ ਭੁੱਖਾ ਰਹਿੰਦਾ ਪਰ ਜਿਊਂਦਾ ਤਾਂ ਰਹਿੰਦਾ।''

ਭੁਪਿੰਦਰ ਸਿੰਘ ਉਰਫ਼ ਟਿੰਮੀ ਚਾਵਲਾ ਦੇ ਕਤਲ ਤੋਂ ਤਿੰਨ ਦਿਨ ਬਾਅਦ ਵੀ ਨਕੋਦਰ ਵਿੱਚ ਇਸ ਘਟਨਾ ਦਾ ਖ਼ੌਫ਼ ਲੋਕਾਂ ਦੇ ਚਿਹਰਿਆਂ ਉੱਤੇ ਪੜ੍ਹਿਆ ਜਾ ਸਕਦਾ ਹੈ।ਇਹਨਾਂ ਹਲਾਤਾਂ ਦੇ ਚੱਲਦਿਆਂ ਸ਼ਹਿਰ ਵਿੱਚ ਸਹਿਮ ਦਾ ਮਹੌਲ ਹੈ।ਬੀਬੀਸੀ ਦੀ ਟੀਮ ਨੇ ਆਮ ਲੋਕਾਂ ਅਤੇ ਦੁਕਾਨਦਾਰਾਂ ਨਾਲ ਗੱਲ ਕਰਨੀ ਚਾਹੀ ਤਾਂ ਉਹ ਬੋਲਣ ਤੋਂ ਬੱਚ ਰਹੇ ਸਨ।ਹਾਲਾਂਕਿ ਕੁਝ ਦੁਕਾਨਦਾਰਾਂ ਨੇ ਨਾਮ ਨਾ ਛਾਪਣ ਦੀ ਸ਼ਰਤ ਉਪਰ ਸਾਡੀ ਟੀਮ ਨਾਲ ਗੱਲਬਾਤ ਕਰਨ ਲਈ ਰਾਜੀ ਹੋ ਗਏ।

ਨਕੋਦਰ ਦੇ ਬਾਜ਼ਾਰ ਵਿੱਚ ਦੁਕਾਨਦਾਰ ਮੇਜਰ ਸਿੰਘ (ਨਾਮ ਬਦਲਿਆ ਹੋਇਆ) ਦੱਸਦੇ ਹਨ ਕਿ ਇਸ ਘਟਨਾ ਕਾਰਨ ਡਰ ਬਹੁਤ ਜ਼ਿਆਦਾ ਵੱਧ ਗਿਆ ਹੈ, ਪਰ 'ਕੀ ਕਰੀਏ ਕੰਮ ਨਹੀਂ ਕਰਾਂਗੇ ਤਾਂ ਰੋਟੀ ਕਿੱਥੋਂ ਖਾਵਾਂਗੇ?'ਨਕੋਦਰ ਪੰਜਾਬ ਦੀ ਐਨਆਰਆਈ ਬੈਲਟ ਵਿੱਚ ਆਉਣ ਵਾਲਾ ਅਹਿਮ ਸ਼ਹਿਰ ਹੈ। ਨਕੋਦਰ ਵਿੱਚ ਕੋਈ ਵੱਡੀ ਇੰਡਸਟਰੀ ਨਹੀਂ ਹੈ ਪਰ ਨੇੜਲਾ ਸ਼ਹਿਰ ਜਲੰਧਰ ਹੈ।ਐਨਆਰਆਈ ਅਤੇ ਖੇਤੀਬਾੜੀ ਦੇ ਸਿਰ ਉਤੇ ਇਸ ਸ਼ਹਿਰ ਦੀ ਅਰਥ ਵਿਵਸਥਾ ਕੇਂਦਰਿਤ ਹੈ।

ਘਟਨਾ ਦਾ ਸਹਿਮ ਇੰਨਾ ਹੈ ਕਿ ਆਮ ਲੋਕਾਂ ਦੇ ਨਾਲ ਟਿੰਮੀ ਦੇ ਪਰਿਵਾਰਕ ਮੈਂਬਰ ਵੀ ਮੀਡੀਆ ਨਾਲ ਗੱਲ ਕਰਨ ਲਈ ਤਿਆਰ ਨਹੀਂ ਹਨ।ਸਿਰਫ ਉਸ ਦੇ ਪਿਤਾ ਹੀ ਨਪੇ ਤੁਲੇ ਸ਼ਬਦ ਮੀਡੀਆ ਅੱਗੇ ਰੱਖ ਰਹੇ ਹਨ।

ਨਕੋਦਰ ਵਿੱਚ ਹੀ ਇੱਕ ਹੋਰ ਦੁਕਾਨਦਾਰ ਧੀਰਜ (ਨਾਮ ਬਦਲਿਆ ਹੋਇਆ) ਦੱਸਦੇ ਹਨ ਕਿ ਘਟਨਾ ਦਾ ਡਰ ਐਨਾ ਹੈ ਕਿ ਗਾਹਕ ਨਹੀਂ ਸਗੋਂ ਸਾਹਮਣੇ ਤੋਂ ਆਉਂਦੀ ਮੌਤ ਦਿਸਦੀ ਹੈ।"ਕੰਮ ਕਰਨ ਨੂੰ ਦਿਲ ਨਹੀਂ ਕਰਦਾ। ਸਾਡੇ ਕੋਈ ਵੱਡੇ ਕਾਰੋਬਾਰ ਨਹੀਂ ਹਨ, ਛੋਟੀਆਂ ਛੋਟੀਆਂ ਦੁਕਾਨਾਂ ਹਨ, ਰੋਜ਼ਾਨਾ ਕਮਾਉਂਦੇ ਹਾਂ ਅਤੇ ਬੱਚੇ ਪਾਲਦੇ ਹਾਂ ਪਰ ਟਿੰਮੀ ਦੇ ਕਤਲ ਤੋਂ ਬਾਅਦ ਦੁਕਾਨ ਉਤੇ ਆਉਣ ਨੂੰ ਵੀ ਦਿਲ ਨਹੀਂ ਕਰਦਾ।"ਇੱਕ ਹੋਰ ਦੁਕਾਨਦਾਰ ਨਰੇਸ਼ ਕੁਮਾਰ (ਨਾਮ ਬਦਲਿਆ ਹੋਇਆ) ਆਖਦੇ ਹਨ ਕਿ ਕਾਰੋਬਾਰੀਆਂ ਲਈ ਬਹੁਤ ਔਖਾ ਸਮਾ ਹੈ, ਪਤਾ ਨਹੀਂ ਕੌਣ ਫ਼ੋਨ ਕਰਦਾ ਹੈ ਅਤੇ ਪੈਸਿਆਂ ਦੀ ਮੰਗ ਕਰ ਦਿੱਤੀ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਟਿੰਮੀ ਨੂੰ ਜਿਸ ਤਰੀਕੇ ਨਾਲ ਫ਼ੋਨ ਕਰ ਕੇ ਫਿਰੌਤੀ ਮੰਗੀ ਜਾ ਰਹੀ ਸੀ, ਉਸ ਤੋਂ ਸਪੱਸ਼ਟ ਹੈ ਕਿ ਕਾਰੋਬਾਰੀਆਂ ਨੂੰ ਧਮਕੀ ਭਰੇ ਫ਼ੋਨ ਆ ਰਹੇ ਹਨ, ਪਰ ਡਰਦਾ ਕੋਈ ਨਹੀਂ ਬੋਲਦਾ, ਕਿਉਂਕਿ ਜਾਨ ਸਭ ਨੂੰ ਪਿਆਰੀ ਹੈ।

ਨਕੋਦਰ ਦੇ ਕਈ ਹੋਰ ਦੁਕਾਨਦਾਰਾਂ ਨਾਲ ਵੀ ਗੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਇਸ ਮੁੱਦੇ ਉੱਤੇ ਬੋਲਣ ਤੋਂ ਹੀ ਇਨਕਾਰ ਕਰ ਦਿੱਤਾ ।ਉਹਨਾਂ ਦੇ ਚਿਹਰਿਆਂ ਉੱਤੇ ਡਰ ਸਾਫ਼ ਦੇਖਿਆ ਜਾ ਸਕਦਾ ਸੀ।

ਇਸ ਮਾਮਸੇ ਉਪਰ ਏਡੀਜੀਪੀ, ਲਾਅ ਐਂਡ ਆਰਡਰ ਅਰਪਿਰ ਸ਼ੁਕਲਾ ਨੇ ਕਿਹਾ ਸੀ, "ਇਹ ਗੈਂਗਸਟਰਾਂ ਦਾ ਕੰਮ ਹੈ। ਅਸੀਂ ਟੀਮਾਂ ਬਣਾ ਦਿੱਤੀਆਂ ਹਨ। ਸਾਡੇ ਕੋਲ ਕੁਝ ਲੀਡ ਹੈ ਅਤੇ ਅਸੀਂ ਕੋਸ਼ਿਸ਼ ਕਰਾਂਗੇ ਕਿ ਇਹ ਅਪਰਾਧੀ ਜਲਦੀ ਤੋਂ ਜਲਦੀ ਫੜ ਲਏ ਜਾਣਗੇ।"ਸ਼ੁਕਲਾ ਮੁਤਾਬਕ, "ਸਾਨੂੰ ਸੀਸੀਟੀਵੀ ਫੁਟੇਜ ਵੀ ਮਿਲੀ ਹੈ ਅਤੇ ਹੋਰ ਵੀ ਕਈ ਜਾਣਕਾਰੀਆਂ ਹਨ। ਅਸੀਂ ਇਸ ਉਪਰ ਕੰਮ ਕਰ ਰਹੇ ਹਾਂ। ਪੁਲਿਸ ਅਜਿਹੇ ਲੋਕਾਂ ਖਿਲਾਫ਼ ਕਾਰਵਾਈ ਕਰਨ ਲਈ ਬਚਨਬੱਧ ਹੈ।"

ਨਕੋਦਰ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕ ਇੰਦਰਜੀਤ ਕੌਰ ਮਾਨ ਨਾਲ ਬੀਬੀਸੀ ਨੇ ਇਸ ਮੁੱਦੇ ਉਤੇ ਗੱਲਬਾਤ ਕੀਤੀ ਤਾਂ ਉਹਨਾਂ ਦੱਸਿਆ ਕਿ ਜਦੋਂ ਅਜਿਹੀ ਘਟਨਾ ਹੁੰਦੀ ਹੈ ਤਾਂ ਡਰ ਜ਼ਰੂਰ ਪੈਦਾ ਹੋ ਜਾਂਦਾ ਹੈ ਪਰ ਪੁਲਿਸ ਇਸ ਮਾਮਲੇ ਵਿੱਚ ਜਾਂਚ ਕਰ ਰਹੀ ਹੈ।ਉਹਨਾਂ ਦੱਸਿਆ ਕਿ ਜਿਸ ਤਰੀਕੇ ਨਾਲ ਪੰਜਾਬ ਪੁਲਿਸ ਬਦਮਾਸ਼ਾਂ ਦੇ ਖਿਲਾਫ਼ ਕਾਰਵਾਈ ਕਰ ਰਹੀ ਹੈ, ਉਸ ਤੋਂ ਗੈਂਗਸਟਰ ਬੁਖਲਾ ਗਏ ਹਨ।ਵਿਰੋਧੀ ਧਿਰ ਵੱਲੋਂ ਚੁੱਕੇ ਜਾ ਰਹੇ ਸਵਾਲਾਂ ਦੇ ਜਵਾਬ ਵਿੱਚ ਇੰਦਰਜੀਤ ਕੌਰ ਕਹਿੰਦੇ ਹਨ, ''ਇਹਨਾਂ ਧਿਰਾਂ ਕਰਕੇ ਹੀ ਇਹ ਸਭ ਕੁਝ ਹੋਇਆ ਹੈ।''ਉਹਨਾਂ ਆਖਿਆ ਕਿ ਛੇਤੀ ਹੀ ਪੂਰੇ ਸ਼ਹਿਰ ਵਿੱਚ ਸੀਸੀਟੀਵੀ ਲਗਵਾਏ ਜਾਣਗੇ।ਪਰ ਇਸ ਤੋਂ ਅਗਲੇ ਦਿਨ ਹੀ ਸ਼ਨੀਵਾਰ ਨੂੰ ਤਰਨਤਾਰਨ ਵਿਖੇ ਆਰਪੀਜੀ ਅਟੈਕ ਤੋਂ ਬਾਅਦ ਵਿਰੋਧੀ ਧਿਰ ਨੇ ਫਿਰ ਤੋਂ ਕਾਨੂੰਨ ਵਿਵਸਥਾ ਦੇ ਮੁੱਦੇ ਉਤੇ ਸਰਕਾਰ ਨੂੰ ਘੇਰ ਲਿਆ।

# ਪ੍ਰਮਾਣੂ ਊਰਜਾ ਬਾਰੇ ਵਿਗਿਆਨੀਆਂ ਨੂੰ ਮਿਲੀ ਇਹ ਵੱਡੀ ਕਾਮਯਾਬੀ

ਵਾਸਿੰਗਟਨ:-ਅਮਰੀਕੀ ਸਾਇੰਸਦਾਨਾਂ ਨੇ ਇੱਕ ਵੱਡੀ ਕਾਮਯਾਬੀ ਹਾਸਲ ਕਰਦੇ ਹੋਏ ਨਿਊਕਲੀਅਰ ਫਿਊਜ਼ਨ (ਪਰਮਾਣੂ ਜੋੜ) ਨੂੰ ਸਫਲਤਾਪੂਰਵਕ ਕਰ ਲਿਆ ਹੈ।ਸਾਇੰਸਦਾਨਾਂ ਕਈ ਦਹਾਕਿਆਂ ਤੋਂ ਪਰਮਾਣੂ ਜੋੜ ਕਰਨ ਦੀ ਕੋਸ਼ਿਸ਼ ਵਿੱਚ ਲੱਗੇ ਸੀ।

ਇਸ ਪ੍ਰਕਿਰਿਆ ਨਾਲ ਬੇਹਿਸਾਬ ਤੇ ਪ੍ਰਦੂਸ਼ਣ ਰਹਿਤ ਊਰਜਾ ਪੈਦਾ ਕੀਤੀ ਜਾ ਸਕਦੀ ਹੈ।ਮੰਗਲਵਾਰ ਨੂੰ ਸ਼ੋਧਕਰਤਾਵਾਂ ਨੇ ਇਹ ਦਾਅਵਾ ਕੀਤਾ ਕਿ ਉਨ੍ਹਾਂ ਵੱਲੋਂ ਪਰਮਾਣੂ ਜੋੜ ਬਾਰੇ ਕੀਤੇ ਪ੍ਰਯੋਗ ਵਿੱਚ ਉਨ੍ਹਾਂ ਨੇ ਇਸ ਪ੍ਰਕਿਰਿਆ ਨਾਲ ਜੁੜੀ ਮੁੱਖ ਮੁਸ਼ਕਲ ਉੱਤੇ ਪਾਰ ਪਾ ਲਿਆ ਹੈ।

ਪਰ ਸਾਇੰਸਦਾਨਾਂ ਦਾ ਮੰਨਣਾ ਹੈ ਕਿ ਅਜੇ ਇਸ ਤਰੀਕੇ ਨਾਲ ਪੈਦਾ ਕੀਤੀ ਊਰਜਾ ਨੂੰ ਘਰਾਂ ਤੱਕ ਪਹੁੰਚਣ ਵਿੱਚ ਕਾਫੀ ਵਕਤ ਲਗ ਸਕਦਾ ਹੈ।ਇਹ ਪ੍ਰਯੋਗ ਨੂੰ ਕੈਲੀਫੋਰਨੀਆ ਦੀ ਲੌਰੈਂਸ ਲੀਵਰਮੋਰੀ ਨੈਸ਼ਨਲ ਲੈਬੋਰੇਟਰੀ ਦੀ ਨੈਸ਼ਨਲ ਈਗਨੀਸ਼ਨ ਫੈਸੀਲਿਟੀ ਵਿੱਚ ਕੀਤਾ ਗਿਆ ਹੈ।

# ਭਾਰਤ ਵਿਚ ਮੁਸਲਿਮ ਨਸਲਕੁਸ਼ੀ ਦੀ ਪ੍ਰਕਿਰਿਆ ਪਹਿਲਾਂ ਹੀ ਚੱਲ ਰਹੀ ਹੈ

ਇਸਲਾਮਾਬਾਦ: ਮੋਦੀ ਦੀ ਅਗਵਾਈ ਵਿਚ ਭਾਰਤ ਵਿਚ ਇਸਲਾਮੋਫੋਬੀਆ ਦੇ ਵਧਦੇ ਮਾਮਲਿਆਂ ਦੇ ਨਾਲ, ਦੇਸ਼ ਵਿਚ ਅਤੇ ਜੰਮੂ-ਕਸ਼ਮੀਰ ਵਿਚ ਮੁਸਲਮਾਨਾਂ ਨੂੰ ਨਸਲਕੁਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕੁਝ ਮਾਹਰਾਂ ਦਾ ਕਹਿਣਾ ਹੈ ਕਿ ਇਹ ਨਸਲਕੁਸ਼ੀ ਬਹੁਤ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ।

ਨਸਲਕੁਸ਼ੀ ਦੇ ਅਪਰਾਧ ਅਤੇ ਇਸ ਅਪਰਾਧ ਦੀ ਰੋਕਥਾਮ ਦੇ ਪੀੜਤਾਂ ਦੀ ਯਾਦ ਅਤੇ ਸਨਮਾਨ ਦੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਦੇ ਮੌਕੇ 'ਤੇ ਕਸ਼ਮੀਰ ਮੀਡੀਆ ਸਰਵਿਸ ਦੁਆਰਾ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਮੁਸਲਮਾਨਾਂ ਲਈ ਇੱਕ ਖਤਰਨਾਕ ਦੇਸ਼ ਹੈ। ਇਸ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਮੋਦੀ ਦੇ ਸੱਤਾ ਵਿਚ ਆਉਣ ਤੋਂ ਬਾਅਦ ਮੁਸਲਮਾਨਾਂ ਵਿਰੁੱਧ ਨਫ਼ਰਤੀ ਅਪਰਾਧਾਂ ਦੀ ਗਿਣਤੀ ਵਿਚ ਕਈ ਗੁਣਾ ਵਾਧਾ ਹੋਇਆ ਹੈ, ਹਿੰਦੂ ਧਾਰਮਿਕ ਨੇਤਾਵਾਂ ਦੇ ਮੁਸਲਮਾਨਾਂ ਵਿਰੁੱਧ ਸਮੂਹਿਕ ਕਤਲੇਆਮ ਦਾ ਸੱਦਾ ਦੇਣ ਵਾਲੇ ਵੀਡੀਓਜ਼ ਸੋਸ਼ਲ ਮੀਡੀਆ 'ਤੇ ਹਰ ਸਮੇਂ ਸਾਹਮਣੇ ਆ ਰਹੇ ਹਨ।

ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ
ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ
ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)
ਨੂੰ ਫੋਨ ਕਰੋ: 604-518-3637
ਜਾਂ ਈਮੇਲ ਕਰੋ hssandhupcs@gmail.com


FOR ALL YOUR DENTAL NEEDS
In Cloverdale & South Surrey

Dr. Inderpreet Sandhu
BDS, DDS
CLOVERDALE VILLAGE DENTAL
Services Provided
- Dental Exams/X-rays
- Extractions/Oral Surgery
- Cleaning & Polishing
- Dentures & Mouth Guards
- Dental Fillings
- Teeth Whitening
- Crowns & Bridges
- Root Canal Treatment

A House of Family Dentistry
5635 - 176A Street, Surrey, BC
(across the street from Cloverdale Library)
Cloverdalevillagedental@gmail.com
604-579-0102

ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ

12885-85Ave. Surrey, BC V3W 0K8 Canada **Ph: 604-594-2574**






## ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ

## ਹਫਤਾਵਾਰੀ ਪ੍ਰੋਗਰਾਮ ਦਸੰਬਰ 19-26 ਤੱਕ

| | | | |
|---|---|---|---|
| ਦਸੰਬਰ 19-20<br>ਢਾਡੀ ਦਰਬਾਰ<br>ਸ਼ਾਮ 6.30 ਤੋਂ 8.30 ਵਜੇ ਤੱਕ | ਦਸੰਬਰ 21-22<br>ਕੀਰਤਨ ਦਰਬਾਰ<br>ਸ਼ਾਮ 6.30 ਤੋਂ 8.30 ਵਜੇ ਤੱਕ | ਦਸੰਬਰ 23<br>ਕੀਰਤਨ ਦਰਬਾਰ<br>(ਅਖੰਡ ਕੀਰਤਨੀ ਜਥਾ)ਸ਼ਾਮ 6.30 ਵਜੇ | ਦਸੰਬਰ 23<br>ਗੁਰਬਾਣੀ ਕੰਠ ਮੁਕਾਬਲਾ ਅਤੇ ਲੰਮੇ ਕੇਸਾਂ ਦਾ ਮੁਕਾਬਲਾ<br>ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ |
| ਦਸੰਬਰ 24<br>ਇੰਟਰਨੈਸ਼ਨਲ ਸਟੂਡੈਂਟਸ<br>ਸ਼ਾਮ 6.30 ਤੋਂ 8.30 ਵਜੇ ਤੱਕ | ਦਸੰਬਰ 24<br>ਦਸਤਾਰ ਮੁਕਾਬਲਾ<br>ਸਵੇਰ 10 ਵਜੇ ਤੋਂ ਸ਼ਾਮ 5 ਵਜੇ ਤੱਕ | ਦਸੰਬਰ 25<br>ਕਥਾ ਦਰਬਾਰ<br>ਸ਼ਾਮ 6.30 ਤੋਂ 8.30 ਵਜੇ ਤੱਕ | ਦਸੰਬਰ 26<br>ਢਾਡੀ ਦਰਬਾਰ<br>ਸ਼ਾਮ 6.30 ਤੋਂ 8.30 ਵਜੇ ਤੱਕ |

**ਵਧੇਰੇ ਜਾਣਕਾਰੀ ਲਈ ਫੋਨ ਕਰੋ (ਗੁਰਦੁਆਰਾ ਸਾਹਿਬ):604-594-2574**


LIQUOR discounter
Friday December 2nd 2022 until Sunday January 1st 2023
$96.99 1.75L JOHNNIE WALKER BLACK LABEL $57.99 750ML
$94.99 ANEJO PATRON TEQUILA 750ML $75.99 SILVER
$69.99 GREY GOOSE 1.14L
$63.99 GLENMORANGIE 750ML
$50.99 1.75L CROWN ROYAL $24.99 750ML
$52.99 STOLI 1.75L
$52.99 CHIVAS 750ML
$48.99 1.75L SMIRNOFF VODKA $21.99 750ML
$51.99 1.75L KAHLUA $33.99 1.14L $23.99 750ML
$45.99 CIROC
$64.99 1.75L $44.99 1.14L $31.99 750ML
$40.99 JOHNNIE WALKER RED LABEL 1.14L
$38.99 BULLEIT BOURBON 750ML
$48.79 1.75L BACARDI WHITE $21.99 750ML
$36.99 1.14L CAPTAIN MORGAN SPICED $25.99 750ML
$35.99 1.14L BAILEYS $26.99 750ML
$35.99 1.14L ABSOLUT VODKA $23.99 750ML
$35.99 TANQUERAY GIN 1.14L
$33.99 1.14L WISERS DELUXE $22.99 750ML
$33.99 JAMESON 750ML
$31.99 JAGERMEISTER 750ML
$32.99 TITO'S 750ML
$30.99 KETTLE ONE 750ML
$28.49 KRAKEN BLACK SPICED 750ML
$27.49 BOMBAY EAST GIN 750ML
$25.99 FAMOUS GROUSE 750ML
$25.99 PINK WHITNEY 750ML
$25.99 BALLANTINES 750ML
$20.99 FIREBALL 750ML
BELOW Government Store Prices!
$32.99 JOSE CUERVO GOLD 750ML
$24.99 CAROLANS 750ML
$38.99 JACKSON TRIGGS 4L
$37.99 BODACIOUS CAB SAUV 4L
$36.99 COPPER MOON 4L
$35.99 SAWMILL CREEK 4L
$31.99 BOTTEGA 750ML
$21.99 MEIOMI CAB SAUV 750ML
$21.49 MASI CAMPOFIORIN 750ML
$18.99 LAMARCA PROSECCO 750ML
$17.99 OYSTER BAY SAUV BLANC PINOT GRIGIO 750ML
$17.79 19 CRIMES CALI ROSE 750ML
$15.19 ROBERT MONDAVI CAB SAUV 750ML
$16.79 1884 MALBEC 750ML
$13.99 ROSCATO RED 750ML
$15.09 APOTHIC RED WHITE 750ML
$14.79 FRONTERA 1.5L
$14.99 COPPER MOON 1.5L
$14.49 GATO 1.5L
$14.79 HENKELL 750ML
$13.99 PELLER ESTATES 1.5L
$13.79 YELLOWTAIL BUBBLES 750ML
$11.99 YELLOWTAIL SHIRAZ CAB SAUV 750ML
$10.99 JACOBS CREEK 750ML
$9.99 BAREFOOT 750ML
$9.79 BASK CAB SAUV 750ML
$9.49 JACKSON TRIGGS 750ML
SHOP & SAVE! Rewards Program
See in-store for details
$7.49 BLACK CELLAR 750ML
$5.99 BABY CANADIAN 750ML
$46.99 CORONA 24 BOTTLES
$36.99 BUDWEISER 24 CANS
$32.49 SLEEMANS ORIGINAL 24 CANS
$25.99 HEINEKEN 12 BOTTLES OR 12 CANS
$25.99 MODELO 12 BOTTLES
$25.59 MILLER GENUINE DRAFT 15 CANS
$24.99 STELLA ARTOIS 12 BOTTLES OR 12 CANS
$22.99 GUINNESS 8 CANS
$19.99 OLD MILWAUKEE 15 CANS
$20.99 SLEEMANS HONEY BROWN 12 CANS
$20.99 STANLEY PARK CONCESSION STAND 12 CANS
$20.29 RED TRUCK MIXER 12 CANS
$18.79 STEAMWORKS MASHUP 8 TALL CANS
$15.49 CARIBOO GENUINE DRAFT 12 CANS
12 CANS $23.99 NUDE 24 CANS $43.99
$22.99 TRULY LEMONADE TROPICAL 12 CANS
$21.99 HEY Y'ALL ORIGINAL 12 CANS
$19.99 SOMERSBY 8 CAN MIXER
$12.99 WHITE CLAW PINEAPPLE RASPBERRY 6 CANS
$9.99 GROWERS PEACH 2L
PRICE BEAT GUARANTEE!
8473 - 120 Street, Delta 604.592.2599
14357 - 104 Ave, Surrey 778.293.1964
LiquorDiscounter.ca follow us on facebook
Prices exclude tax and deposits and are subject to change without notice.

# ਮਦਰ ਇੰਡੀਆ

## CELEBRATING

## 50 YEARS

## IN BUSSINESS

ਮਦਰ ਇੰਡੀਆ ਦੇ ਸਟੋਰ ਤੇ ਆ ਕੇ $150 ਜਾਂ ਇਸ ਤੋਂ ਵੱਧ ਦੀ ਖਰੀਦਦਾਰੀ ਕਰੋ

ਅਤੇ ਤੁਰੰਤ $50 ਦਾ ਆਪਣੀ ਮਨਪਸੰਦ ਦਾ ਸਮਾਨ ਮੁਫਤ ਲਓ

## ਮਦਰ ਇੰਡੀਆ ਹਰਬਲ ਸ਼ੈਂਪੂ

## ਹੁਣ 8 ਰੰਗਾਂ ਵਿਚ ਮਿਲਦਾ ਹੈ

**TEL: 604-430-6072**

Email: nareshcanada@hotmail.com

*6647-Main Street (50th Ave.) Vancouver BC V5X 3H3*



ਨਰੇਸ਼ ਸ਼ੁਕਲਾ

ਦੇਗ ਤੇਗ ਫਤਹਿ

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*12 ਦਸੰਬਰ ਦਿਨ ਸੋਮਵਾਰ ਸ. ਨਿਰਮਲ ਸਿੰਘ ਵਹਿਣੀਵਾਲ ਪਰਿਵਾਰ ਵੱਲੋਂ ਪਾਠ ਸ੍ਰੀ ਸੁਖਮਨੀ ਸਾਹਿਬ ਸ਼ਾਮ 3 ਤੋਂ 4.15 ਵਜੇ ਤੱਕ

*14 ਦਸੰਬਰ ਦਿਨ ਬੁੱਧਵਾਰ ਸ. ਕੁਲਜੀਤ ਸਿੰਘ ਸਿੱਧੂ ਪਰਿਵਾਰ ਵੱਲੋਂ ਭੋਗ ਸ੍ਰੀ ਸਹਿਜਪਾਠ

*16 ਦਸੰਬਰ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡਪਾਠ ਸਾਹਿਬ ਸ. ਬਲਜੀਤ ਸਿੰਘ ਔਜਲਾ ਪਰਿਵਾਰ ਵੱਲੋਂ, ਤਿੰਨੇ ਦਿਨ ਗੁਰੂ ਕੀ ਲੰਗਰਾਂ ਦੀ ਸੇਵਾ ਸ. ਬਲਜੀਤ ਸਿੰਘ ਔਜਲਾ ਪਰਿਵਾਰ ਵੱਲੋਂ ਹੋਵੇਗੀ।

*16 ਦਸੰਬਰ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡਪਾਠ ਸਾਹਿਬ ਗ੍ਰਹਿ ਵਿਖੇ ਸ. ਗੁਰਚੇਤ ਸਿੰਘ ਢਿੱਲੋਂ ਪਰਿਵਾਰ ਵੱਲੋਂ

*17 ਦਸੰਬਰ ਦਿਨ ਸ਼ਨਿਚਰਵਾਰ ਅਨੰਦਕਾਰਜ:ਵੱਲੋਂ ਸ. ਨਿਰਮਲ ਸਿੰਘ ਵਹਿਣੀਵਾਲ

*17 ਦਸੰਬਰ ਦਿਨ ਸ਼ਨਿਚਰਵਾਰ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਨਮਿਤ ਬੀਬੀ ਰਵਿੰਦਰ ਕੌਰ ਸੰਧੂ

*18 ਦਸੰਬਰ ਦਿਨ ਐਤਵਾਰ ਸ੍ਰੀ ਅਖੰਡਪਾਠ ਸਾਹਿਬ, ਲੰਗਰ ਦੀ ਸੇਵਾ ਸ. ਬਲਜੀਤ ਸਿੰਘ ਔਜਲਾ ਪਰਿਵਾਰ ਵੱਲੋਂ ਬੇਟੇ ਜੈ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿਚ

*18 ਦਸੰਬਰ ਦਿਨ ਐਤਵਾਰ ਸਹਿਜਪਾਠ ਦੇ ਭੋਗ ਤੇ ਅੰਤਮ ਅਰਦਾਸ ਨਮਿਤ ਬੀਬੀ ਤੇਜਵੰਤ ਕੌਰ ਗਰੇਵਾਲ

**ਨੋਟ:ਭਾਈ ਹਰਜਿੰਦਰ ਸਿੰਘ ਜੀ ਢਪਾਲੀ ਦਸੰਬਰ ਦਾ ਮਹੀਨਾ ਗੁਰਬਾਣੀ ਕਥਾ ਦੁਆਰਾ ਨਿਹਾਲ ਕਰਨਗੇ।**

**ਸਮੂਹ ਸੰਗਤਾਂ ਵੱਧ ਤੋਂ ਵੱਧ ਹਾਜ਼ਰੀ ਭਰਕੇ ਲਾਹਾ ਪ੍ਰਾਪਤ ਕਰੋ ਜੀ**

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

*ਰਾਗੀ ਜਥਾ -ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ

*ਰਾਗੀ ਜਥਾ ਭਾਈ ਭਗਤਜੀਤ ਸਿੰਘ ਜੀ ਜਲੰਧਰ ਵਾਲੇ

*ਕਥਾ ਵਾਚਕ -ਭਾਈ ਹਰਜੀਤ ਸਿੰਘ ਜੀ ਢਪਈ

*ਢਾਢੀ ਜਥਾ-ਭਾਈ ਕੁਲਜਿੰਦਰ ਸਿੰਘ ਯੋਗੀ (ਪਿੰਡ ਕੈਲਪੁਰ)

### ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570

ਗਿਆਨੀ ਬਲਰਾਜ ਸਿੰਘ (ਗ੍ਰੰਥੀ):236-887-5274, ਗਿ. ਨਵਜੋਤ ਸਿੰਘ ਜੀ(ਗ੍ਰੰਥੀ):226-509-6600

# ਪੈਸੇਫਿਕ ਅਕੈਡਮੀ ਦੇ ਵਿਦਿਆਰਥੀ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਨਤਮਸਤਕ ਹੋਏ



ਸਰੀ, (ਹਰਦਮ ਮਾਨ)-ਪੈਸੇਫਿਕ ਅਕੈਡਮੀ ਦੇ ਗਰੇਡ ਇਲੈਵਨ ਦੇ ਵਿਦਿਆਰਥੀ ਆਪਣੇ ਅਧਿਆਪਕ ਕਰਿਸ ਵੈਨਜ਼ੂਰਾ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਬਰੁੱਕਸਾਈਡ, ਸਰੀ ਵਿਖੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕਰਨ ਲਈ ਨਤਮਸਤਕ ਹੋਏ। ਮਹਾਂਮਾਰੀ ਦੀਆਂ ਸਖਤਾਈਆਂ ਖਤਮ ਹੋਣ ਬਾਦ ਹਾਜ਼ਰੀ ਭਰਨ ਦੀ ਖੁੱਲ੍ਹ ਹੋਣ ਪਿਛੋਂ ਗੁਰਦੁਆਰਾ ਸਾਹਿਬ ਵਿਚ ਪੈਸੇਫਿਕ ਅਕੈਡਮੀ ਦੇ ਵਿਦਿਆਰਥੀਆਂ ਦਾ ਇਹ ਦੂਜਾ ਗਰੁੱਪ ਸੀ। ਸਾਰੇ ਵਿਦਿਆਰਥੀ ਪਹਿਲੀ ਵਾਰ ਕਿਸੇ ਗੁਰਦੁਆਰਾ ਸਾਹਿਬ ਵਿਚ ਹਾਜ਼ਰੀ ਭਰਨ ਆਏ ਸਨ। ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਪਬਲਿਕ ਰੀਲੇਸ਼ਨ ਸੈਕਟਰੀ ਸੁਰਿੰਦਰ ਸਿੰਘ ਜੱਬਲ ਨੇ ਵਿਦਿਆਰਥੀਆਂ ਨੂੰ ਜੀ ਆਇਆਂ ਕਿਹਾ ਅਤੇ ਗੁਰਦੁਆਰਾ ਸਾਹਿਬ ਦੀ ਮਰਿਆਦਾ ਤੋਂ ਜਾਣੂੰ ਕਰਵਾਇਆ ਅਤੇ ਗੁਰਦੁਆਰਾ ਸਾਹਿਬ ਬਾਰੇ ਛਪਿਆ ਹੋਇਆ ਪੈਂਫਲਿਟ ਵੀ ਦਿੱਤਾ ਤਾਂ ਕਿ ਬਾਦ ਵਿਚ ਵੀ ਉਹ ਆਪਣੇ ਇਸ ਸਕੂਲ ਦੇ ਟਰਿੱਪ ਬਾਰੇ ਵਿਚਾਰ ਕਰ ਸਕਣ। ਵਿਦਿਆਰਥੀਆਂ ਨੇ ਗੁਰਦੁਆਰਾ ਹਾਲ ਵਿਚ ਨਜ਼ਰ ਆਉਣ ਵਾਲੀਆਂ ਵਸਤਾਂ ਚੌਰ, ਖੰਡਾ, ਦੇਗ ਅਤੇ ਚੰਦੋਆ ਸਾਹਿਬ ਤੇ ਲਿਖੀ ਹੋਈ ਗੁਰਬਾਣੀ ਸੰਬੰਧੀ ਜਾਣਕਾਰੀ ਵੀ ਪ੍ਰਾਪਤ ਕੀਤੀ ਅਤੇ ਸਿੱਖ ਧਰਮ ਬਾਰੇ ਅਤੇ ਗੁਰਦੁਆਰਾ ਸਾਹਿਬ ਵਿਚ ਦਿਖਾਈ ਦੇ ਰਹੇ ਇਹਨਾਂ ਪਹਿਲੂਆਂ ਬਾਰੇ ਸਿੱਖ ਫਲਸਫੇ ਨਾਲ ਸੰਬੰਧਤ ਆਪੋ ਆਪਣੇ ਸੁਆਲ ਵੀ ਪੁੱਛੇ। ਦਰਬਾਰ ਹਾਲ ਵਿਚ ਉਸ ਸਮੇਂ ਭਾਈ ਪਾਲ ਸਿੰਘ ਪਾਰਸ ਗੰਗਾਨਗਰ ਵਾਲਿਆ ਦਾ ਰਾਗੀ ਜੱਥਾ ਗੁਰਬਾਣੀ ਕੀਰਤਨ ਕਰ ਰਿਹਾ ਸੀ ਤੇ ਇਸ ਤਰ੍ਹਾਂ ਗੁਰਦੁਆਰਾ ਸਾਹਿਬ ਵਿਚ ਰੋਜ਼ਾਨਾ ਕੀਰਤਨ ਦੀ ਮਰਿਆਦਾ ਅਤੇ ਆ ਰਹੀ ਸੰਗਤ ਨੂੰ ਗੁਰੂ ਸਾਹਿਬ ਜੀ ਦੇ ਨਤਮਸਤਕ ਹੁੰਦਿਆਂ ਵੀ ਤੱਕਿਆ। ਗੈਲਰੀ ਹਾਲ ਵਿੱਚੋਂ ਤੀਜੀ ਮੰਜ਼ਿਲ ਤੇ ਤਕਰੀਬਨ ਇਕ ਘੰਟੇ ਦੇ ਵਿਚਾਰ ਵਟਾਂਦਰੇ ਬਾਅਦ ਦਰਬਾਰ ਹਾਲ ਵਿਚ ਪਹੁੰਚ ਕੇ ਵਿਦਿਆਰਥੀਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਰੋਜ਼ਾਨਾ ਪ੍ਰਕਾਸ਼, ਸੁੱਖਆਸਨ, ਕੀਰਤਨ ਤੇ ਦਰਬਾਰ ਹਾਲ ਵਿਚ ਗੁਰੂ ਜੀ ਦੀ ਹਜ਼ੂਰੀ ਵਿਚ ਸੰਗਤ ਦੇ ਬੈਠਣ ਦੀ ਪ੍ਰਥਾ ਤੋਂ ਵੀ ਜਾਣੂੰ ਹੋਏ। ਉਪਰੰਤ ਸਾਰਿਆਂ ਨੇ ਲੰਗਰ ਛਕਿਆ ਅਤੇ ਸੇਵਾਦਾਰਾਂ ਤੇ ਪ੍ਰਬੰਧਕਾਂ ਦਾ ਧੰਨਵਾਦ ਕਰਦੇ ਹੋਏ ਆਪਣੇ ਸਕੂਲ ਲਈ ਵਾਪਸੀ ਕੀਤੀ। ਵਰਨਣਯੋਗ ਹੈ ਕਿ ਪੈਸੇਫਿਕ ਅਕੈਡਮੀ ਸਰੀ ਵਿਚ ਇਕ ਪ੍ਰਾਈਵੇਟ ਸਕੂਲ ਹੈ ਤੇ ਇਸ ਦੇ ਅਧਿਆਪਕ ਕਰਿਸ ਵੈਨਜ਼ੂਰਾ ਵਿਦਿਆਰਥੀਆਂ ਨੂੰ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਚ ਅਕਸਰ ਹੀ ਲਿਆਇਆ ਕਰਦੇ ਹਨ। ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਆਪਣੇ ਆਂਢੀਆਂ ਗੁਆਂਢੀਆਂ ਦੇ ਧਰਮ ਤੇ ਸੱਭਿਆਚਾਰ ਤੋਂ ਜਾਣੂੰ ਹੋਣ ਦੇ ਮੌਕੇ ਪ੍ਰਦਾਨ ਕਰਵਾਉਣ ਦਾ ਇਹ ਬਹੁਤ ਸ਼ਲਾਘਾਯੋਗ ਕਦਮ ਹੈ।

# ਫਾਸ਼ੀਵਾਦ ਵਿਰੁੱਧ ਮੋਰਚੇ ਦਾ ਧੁਰਾ

ਗੁਜਰਾਤ, ਹਿਮਾਚਲ ਦੀਆਂ ਵਿਧਾਨ ਸਭਾਵਾਂ ਤੇ ਦਿੱਲੀ ਨਗਰ ਨਿਗਮ ਦੀਆਂ ਚੋਣਾਂ ਦੇ ਨਤੀਜਿਆਂ ਦੀ ਬਹੁਤ ਚਰਚਾ ਹੋ ਚੁੱਕੀ ਹੈ। ਗੋਦੀ ਮੀਡੀਆ ਨੇ ਗੁਜਰਾਤ ਵਿੱਚ ਭਾਜਪਾ ਦੀ ਜਿੱਤ ਨੂੰ ਇਤਿਹਾਸਕ ਦੱਸ ਕੇ ਬਾਕੀ ਦੋਵਾਂ ਥਾਵਾਂ 'ਤੇ ਭਾਜਪਾ ਦੀ ਹਾਰ ਨੂੰ ਪਰਦੇ ਪਿੱਛੇ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਸੀ । ਇਸ ਦੀ ਹੁਣ ਚਰਚਾ ਦੀ ਲੋੜ ਨਹੀਂ ਹੈ । ਇੱਥੇ ਅਸੀਂ ਯੂ ਪੀ ਅੰਦਰ ਹੋਈਆਂ ਵਿਧਾਨ ਸਭਾ ਦੀਆਂ ਦੋ ਸੀਟਾਂ ਲਈ ਉਪ ਚੋਣਾਂ ਦਾ ਵਿਸ਼ਲੇਸ਼ਣ ਕਰਾਂਗੇ ।

ਉੱਤਰ ਪ੍ਰਦੇਸ਼ ਵਿੱਚ ਆਦਿੱਤਿਆ ਨਾਥ ਯੋਗੀ ਦਾ ਰਾਮ ਰਾਜ ਹੈ। ਮੁੱਖ ਮੰਤਰੀ ਦੇ ਮੂੰਹ ਵਿੱਚੋਂ ਸ਼ਬਦਾਂ ਦੀ ਥਾਂ ਅੱਗ ਨਿਕਲਦੀ ਹੈ। ਉਹ ਖੁੱਲ੍ਹੇਆਮ ਠੋਕ ਦੇਣ ਤੇ ਸਬਕ ਸਿਖਾਉਣ ਦੇ ਐਲਾਨ ਕਰਦੇ ਹਨ । ਉਹ ਸਿਰਫ਼ ਕਹਿੰਦੇ ਹੀ ਨਹੀਂ, ਸਗੋਂ ਅਮਲੀ ਤੌਰ ਉੱਤੇ ਕਰਦੇ ਵੀ ਹਨ । ਉਨ੍ਹਾ ਦਾ ਰਾਜ ਲੋਕਤੰਤਰ ਵਿੱਚ ਪੁਲਸ ਰਾਜ ਦੀ ਭੈੜੀ ਵੰਨਗੀ ਹੈ। ਰਾਮਪੁਰ ਹਲਕੇ ਦੀ ਚੋਣ ਵਿੱਚ ਇਸ ਦਾ ਖੁੱਲ੍ਹਾ ਮੁਜ਼ਾਹਰਾ ਕੀਤਾ ਗਿਆ ਸੀ । ਆਉਣ ਵਾਲੀਆਂ ਲੋਕ ਸਭਾ ਚੋਣਾਂ ਦੀ ਰਿਹਰਸਲ ਵਜੋਂ ਸਰਕਾਰ ਦੀ ਸ਼ਹਿ ਉੱਤੇ ਪੂਰੇ ਪ੍ਰਸ਼ਾਸਨ ਨੇ ਅੱਡੀ-ਚੋਟੀ ਦਾ ਜ਼ੋਰ ਲਾਇਆ ਕਿ ਭਾਜਪਾ ਵਿਰੋਧੀ ਵੋਟਾਂ ਨੂੰ ਬੂਥਾਂ ਤੱਕ ਨਾ ਜਾਣ ਦਿੱਤਾ ਜਾਵੇ । ਮੁਸਲਿਮ ਮੁਹੱਲਿਆਂ ਵਿੱਚ ਪੁਲਸ ਧਾੜਾਂ ਨੇ ਲੋਕਾਂ ਨੂੰ ਘਰਾਂ ਤੋਂ ਬਾਹਰ ਨਾ ਨਿਕਲਣ ਦਿੱਤਾ । ਜਿਹੜਾ ਵਿਅਕਤੀ ਆਪਣੇ ਬੂਹੇ ਤੋਂ ਵੀ ਬਾਹਰ ਆਇਆ, ਉਸ ਉੱਤੇ ਪੁਲਸੀਏ ਝਪਟ ਪਏ ਤੇ ਉਸ ਨੂੰ ਹੱਡ ਤੁੜਵਾ ਕੇ ਹਸਪਤਾਲ ਪੁੱਜਣਾ ਪਿਆ । ਬਹੁਤ ਸਾਰੇ ਵੀਡੀਓ ਵਾਇਰਲ ਹੋ ਰਹੇ ਹਨ, ਜਿਨ੍ਹਾਂ ਵਿੱਚ ਬਜ਼ੁਰਗ ਔਰਤ ਦੇ ਹੱਥਾਂ ਵਿੱਚੋਂ ਵਹਿੰਦਾ ਖ਼ੂਨ, ਪੁਲਸ ਦੀਆਂ ਗਾਹਲਾਂ, ਇੰਸਪੈਕਟਰ ਵੱਲੋਂ ਪਛਾਣ ਪੱਤਰ ਲਈ ਲਾਈਨ ਵਿੱਚ ਖੜ੍ਹੇ ਲੋਕਾਂ ਨੂੰ ਡੰਡੇ ਮਾਰ ਕੇ ਭਜਾ ਦੇਣ ਦੇ ਸਬੂਤ ਮੌਜੂਦ ਹਨ। ਦਹਿਸ਼ਤ ਦਾ ਮਾਹੌਲ ਇਹ ਹੈ ਕਿ ਨਤੀਜੇ ਆ ਜਾਣ ਤੋਂ ਬਾਅਦ ਵੀ ਪੀੜਤ ਵੋਟਰ ਆਪਣਾ ਮੂੰਹ ਖੋਹਲਣ ਲਈ ਤਿਆਰ ਨਹੀਂ ਹਨ। ਰਾਮਪੁਰ ਦੀ ਚੋਣ ਇਸ ਗੱਲ ਦਾ ਪ੍ਰਮਾਣ ਹੈ ਕਿ ਰਾਮ ਰਾਜ ਵਿੱਚ ਲੋਕਤੰਤਰ ਕਿਹੋ ਜਿਹਾ ਹੋਵੇਗਾ । ਗੋਦੀ ਮੀਡੀਆ ਵਿੱਚ ਇਸ ਚੋਣ ਦੀ ਰਿਪੋਰਟਿੰਗ ਇਸ ਹੈੱਡਲਾਈਨ ਨਾਲ ਪੇਸ਼ ਕੀਤੀ ਗਈ, 'ਆਜ਼ਮ ਖਾਨ ਦਾ ਕਿਲ੍ਹਾ ਢਹਿ-ਢੇਰੀ'। ਸੱਚਾਈ ਇਹ ਹੈ ਕਿ ਰਾਮਪੁਰ ਵਿੱਚ ਆਜ਼ਮ ਖਾਨ ਦਾ ਨਹੀਂ, ਲੋਕਤੰਤਰ ਦਾ ਕਿਲ੍ਹਾ ਢਹਿ-ਢੇਰੀ ਹੋਇਆ ਹੈ। ਰਾਮਪੁਰ ਚੋਣ ਨੇ ਸਭ ਰਾਜਨੀਤਕ ਪਾਰਟੀਆਂ ਨੂੰ ਚਿਤਾਵਨੀ ਦੇ ਦਿੱਤੀ ਹੈ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਮੁਸਲਿਮ ਅਬਾਦੀ ਵਾਲੇ ਹਲਕਿਆਂ ਵਿੱਚ ਭਾਜਪਾ ਇਹੋ ਰਣਨੀਤੀ ਅਪਣਾ ਸਕਦੀ ਹੈ। ਇਸ ਦੇ ਨਾਲ ਹੀ ਦੂਜੇ ਵਿਧਾਨ ਸਭਾ ਹਲਕੇ ਖਤੌਲੀ ਵਿੱਚ ਵੀ ਵੋਟਾਂ ਪਈਆਂ ਸਨ। ਇਹ ਉਹੋ ਖਤੌਲੀ ਹੈ, ਜਿੱਥੇ 2013 ਵਿੱਚ ਜਿੱਥੋਂ ਸ਼ੁਰੂ ਹੋਏ ਟਕਰਾਅ ਨੇ ਪੂਰੇ ਪੱਛਮੀ ਉਤਰ ਪ੍ਰਦੇਸ਼ ਨੂੰ ਦੰਗਿਆਂ ਦੀ ਅੱਗ ਵਿੱਚ ਝੋਕ ਦਿੱਤਾ ਸੀ। ਇਨ੍ਹਾਂ ਦੰਗਿਆਂ ਦੇ ਨਤੀਜੇ ਵਜੋਂ ਪਹਿਲਾਂ 2014 ਦੀਆਂ ਲੋਕ ਸਭਾ ਚੋਣਾਂ ਤੇ ਫਿਰ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੇ ਇਸ ਖੇਤਰ ਵਿੱਚ ਹੂੰਝਾ ਫੇਰੂ ਜਿੱਤ ਪ੍ਰਾਪਤ ਕੀਤੀ ਸੀ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਖਤੌਲੀ ਤੋਂ ਭਾਜਪਾ ਜਿੱਤੀ ਸੀ, ਪਰ ਕੁਝ ਮਹੀਨਿਆਂ ਬਾਅਦ ਹੁਣ ਹੋਈ ਉਪ ਚੋਣ ਵਿੱਚ ਭਾਜਪਾ ਨੂੰ ਕਰਾਰੀ ਹਾਰ ਮਿਲੀ ਹੈ । ਪਹਿਲਾਂ-ਪਹਿਲ ਖ਼ਬਰਾਂ ਆਈਆਂ ਸਨ ਕਿ ਪੁਲਸ ਪ੍ਰਸ਼ਾਸਨ ਰਾਮਪੁਰ ਵਾਂਗ ਹੀ ਘੱਟਗਿਣਤੀ ਫਿਰਕੇ ਦੇ ਵੋਟਰਾਂ ਨੂੰ ਧਮਕਾ ਰਿਹਾ ਹੈ, ਪਰ ਇਹ ਸੰਭਵ ਨਾ ਹੋ ਸਕਿਆ, ਕਿਉਂਕਿ ਖਤੌਲੀ ਰਾਮਪੁਰ ਨਹੀਂ ਹੈ। ਇਸ ਏਰੀਏ ਵਿੱਚ ਗੁੱਜਰ, ਜਾਟ ਤੇ ਖੇਤੀ ਨਾਲ ਜੁੜੇ ਮੁਸਲਿਮ ਜੱਟਾਂ ਦੀ ਵੱਡੀ ਅਬਾਦੀ ਹੈ। ਇਹ ਲੋਕ ਸੰਪੰਨ ਵੀ ਹਨ ਤੇ ਨਿੱਡਰ ਵੀ। ਦਿੱਲੀ ਦੀਆਂ ਹੱਦਾਂ ਉੱਤੇ ਲੱਗੇ ਕਿਸਾਨ ਮੋਰਚੇ ਵਿੱਚ ਇਸ ਇਲਾਕੇ ਦੇ ਲੋਕਾਂ ਨੇ ਵੱਡਾ ਹਿੱਸਾ ਪਾਇਆ ਸੀ । ਕਿਸਾਨ ਮੋਰਚੇ ਕਾਰਨ ਇਨ੍ਹਾਂ ਵੱਖ-ਵੱਖ ਜਾਤੀਆਂ ਦੇ ਕਿਸਾਨਾਂ ਵਿੱਚ ਫਿਰਕੂ ਏਕਤਾ ਮਜ਼ਬੂਤ ਹੋਈ ਸੀ। ਅਜਿਹੇ ਵਿੱਚ ਜੇਕਰ ਭਾਜਪਾ ਇੱਥੇ ਰਾਮਪੁਰ ਵਾਲੀ ਚਾਲ ਚਲਦੀ ਤਾਂ ਉਸ ਦਾ ਰਹਿੰਦਾ -ਖੂੰਹਦਾ ਪ੍ਰਭਾਵ ਵੀ ਖ਼ਤਮ ਹੋ ਜਾਣਾ ਸੀ । ਇਸੇ ਮਜਬੂਰੀ ਕਾਰਨ ਭਾਜਪਾ ਨੂੰ ਆਪਣੀ ਹਾਰ ਮੰਨਣੀ ਪਈ ਸੀ । ਇਸ ਹਲਕੇ ਤੋਂ ਰਾਸ਼ਟਰੀ ਲੋਕ ਦਲ ਦੇ ਉਮੀਦਵਾਰ ਦੀ ਜਿੱਤ ਨੇ ਇੱਕ ਵੱਡਾ ਸੰਦੇਸ਼ ਦਿੱਤਾ ਹੈ ਕਿ ਖੇਤੀ ਨਾਲ ਜੁੜੇ ਵਰਗਾਂ ਨੂੰ ਜੇਕਰ ਜਥੇਬੰਦ ਕੀਤਾ ਜਾਵੇ ਤਾਂ ਭਾਜਪਾ ਦੀ ਫਿਰਕੂ ਤੇ ਧੱਕੜਸ਼ਾਹੀ ਵਾਲੀ ਵਿਚਾਰਧਾਰਾ ਨੂੰ ਹਰਾਇਆ ਜਾ ਸਕਦਾ ਹੈ। ਇਸ ਤਜਰਬੇ ਨੇ ਇਹ ਸਿੱਧ ਕੀਤਾ ਹੈ ਕਿ ਫਾਸ਼ੀਵਾਦੀ ਵਿਰੁੱਧ ਲੜਾਈ ਲਈ ਕਿਸਾਨਾਂ, ਪੇਂਡੂ ਮਜ਼ਦੂਰਾਂ, ਦਲਿਤਾਂ, ਘੱਟਗਿਣਤੀਆਂ ਤੇ ਆਮ ਲੋਤੰਤਰੀ ਆਸਥਾ ਵਾਲੇ ਲੋਕਾਂ ਦਾ ਸਾਂਝਾ ਮੋਰਚਾ ਇੱਕ ਧੁਰਾ ਬਣ ਸਕਦਾ ਹੈ।--ਚੰਦ ਫਤਿਹਪੁਰੀ


## ਆਈ.ਐਸ.ਆਈ. ਲਈ ਜਾਸੂਸੀ ਕਰਨ ਵਾਲਾ ਗੁਜਰਾਤੀ ਗ੍ਰਿਫ਼ਤਾਰ

ਨਵੀਂ ਦਿੱਲੀ - ਗੁਜਰਾਤ ਪੁਲਿਸ ਨੇ ਮੰਗਲਵਾਰ ਨੂੰ ਸੂਰਤ ਤੋਂ ਇੱਕ 33 ਸਾਲਾ ਵਿਅਕਤੀ ਨੂੰ ਪਾਕਿਸਤਾਨੀ ਜਾਸੂਸੀ ਏਜੰਸੀ ਇੰਟਰ-ਸਰਵਿਸ ਇੰਟੈਲੀਜੈਂਸ (ਆਈ.ਐਸ.ਆਈ.) ਲਈ ਕਥਿਤ ਤੌਰ 'ਤੇ ਕੰਮ ਕਰਨ ਅਤੇ ਜਾਸੂਸੀ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਹੈ। ਅਧਿਕਾਰਤ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਫ਼ੌਜ ਦੀ ਪੂਣੇ ਸਥਿਤ ਦੱਖਣੀ ਕਮਾਨ ਨੂੰ ਮਿਲੀ ਖ਼ੁਫ਼ੀਆ ਸੂਚਨਾ ਦੇ ਆਧਾਰ 'ਤੇ ਅਪਰਾਧ ਸ਼ਾਖਾ ਦੀ ਟੀਮ ਨੇ ਸੂਰਤ ਤੋਂ ਦੀਪਕ ਕਿਸ਼ੋਰ ਭਾਈ ਸਾਲੁੰਖੇ ਨਾਂ ਦੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਸੂਰਤ ਦੇ ਭੁਵਨੇਸ਼ਵਰੀ ਨਗਰ ਦਾ ਰਹਿਣ ਵਾਲਾ ਇਹ ਵਿਅਕਤੀ ਦੁਕਾਨਦਾਰ ਹੈ, ਅਤੇ ਸੂਤਰਾਂ ਨੇ ਉਸ ਦੀ ਦੁਕਾਨ ਦੀ ਪਛਾਣ 'ਸਾਈ ਫੈਸ਼ਨਜ਼' ਵਜੋਂ ਕੀਤੀ ਹੈ। ਇੱਕ ਸੂਤਰ ਨੇ ਕਿਹਾ, "ਆਈ.ਐਸ.ਆਈ. ਏਜੰਟ ਨੂੰ ਅਗਲੀ ਕਾਰਵਾਈ ਲਈ ਗੁਜਰਾਤ ਪੁਲਿਸ ਦੇ ਸਪੈਸ਼ਲ ਆਪ੍ਰੇਸ਼ਨ ਗਰੁੱਪ (ਐਸ.ਓ.ਜੀ.) ਨੂੰ ਸੌਂਪਿਆ ਜਾ ਰਿਹਾ ਹੈ।






# ਚਮਕੌਰ ਦੀ ਗੜ੍ਹੀ ਦਾ ਮਹਾਨ ਸ਼ਹੀਦ ਭਾਈ ਸੰਗਤ ਸਿੰਘ



ਸੂਰਜ ਅਸਤ ਹੋਣ ਨਾਲ ਜਦੋਂ ਚਮਕੌਰ ਦੀ ਜੰਗ ਬੰਦ ਹੋਈ ਤਾਂ ਗੜ੍ਹੀ ਵਿਚ ਗਿਣਤੀ ਦੇ 11 ਸਿੰਘ ਰਹਿ ਗਏ ਸਨ ਜਿਨ੍ਹਾਂ ਵਿਚ ਸ਼ਹੀਦ ਪਿਤਾ ਦਾ ਸਪੁੱਤਰ ਅਤੇ ਸ਼ਹੀਦ ਸਪੁੱਤਰਾਂ ਦਾ ਬਾਪ ਜੰਗ ਵਿਚ ਜੂਝਣ ਲਈ ਤਿਆਰ-ਬਰ-ਤਿਆਰ ਸੀ। ਪਰ ਗੜ੍ਹੀ ਵਿਚਲੇ ਸਿੰਘਾਂ ਦੇ ਬੇਨਤੀ ਕਰਨ ’ਤੇ ਗੁਰੂ ਸਾਹਿਬ ਜੀ ਨੇ ਗੜ੍ਹੀ ਛੱਡ ਜਾਣ ਦਾ ਪੰਜਾਂ ਪਿਆਰਿਆਂ ਦਾ ਇਹ ਫੈਸਲਾ ਪ੍ਰਵਾਨ ਕਰ ਲਿਆ, ਕਿਉਂਕਿ ਸਿੰਘ ਇਹ ਸਮਝਦੇ ਸਨ ਕਿ ਜੇਕਰ ਗੁਰੂ ਸਾਹਿਬ ਜੀ ਦੀ ਸਰੀਰਿਕ ਹੋਂਦ ਕਾਇਮ ਰਹੀ ਤਾਂ ਇਹ ਬਿਖੜੇ ਸਮੇਂ ਲਈ ਮੁੜ ਤੋਂ ਸਿੱਖ ਕੌਮ ਸੰਗਠਿਤ ਕਰ ਲੈਣਗੇ। ਇਸ ਲਈ ਸਿੰਘਾਂ ਅਨੁਸਾਰ ਗੁਰੂ ਸਾਹਿਬ ਜੀ ਦੀ ਬੇਵਕਤ ਸ਼ਹਾਦਤ ਕੌਮ ਲਈ ਬਹੁਤ ਦੁਖਦਾਇਕ ਹੋਵੇਗੀ, ਸੋ ਗੜ੍ਹੀ ਵਿਚਲੇ ਸਿੰਘਾਂ ਨੇ ਗੁਰੂ ਸਾਹਿਬ ਜੀ ਨੂੰ 1756 ਬਿਕ੍ਰਮੀ ਦੀ ਵਿਸਾਖੀ ’ਤੇ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤ ਛਕਾਉਣ ਸਮੇਂ ਖਾਲਸੇ ਨੂੰ ਬਖਸ਼ੀ ਵਡਿਆਈ ਤਹਿਤ ਨਿਮਰਤਾ ਸਹਿਤ ਮੁਖਾਤਿਬ ਹੋ ਕੇ ਚਮਕੌਰ ਦੀ ਗੜ੍ਹੀ ਛੱਡ ਜਾਣ ਦੀ ਬੇਨਤੀ ਕੀਤੀ, ਤਾਂ ਪੰਥ ਦੇ ਵਾਲੀ ਨੇ ਪੰਜਾਂ ਸਿੰਘਾਂ ਦੀ ਇਸ ਬੇਨਤੀ ਨੂੰ ਪ੍ਰਵਾਨ ਕਰ ਲਿਆ। ਗੁਰੂ ਪਾਤਸ਼ਾਹ ਨੇ ਖਾਲਸਾ ਪੰਥ ਨੂੰ ਐਸੀ ਵਡਿਆਈ ਬਖਸ਼ਿਸ਼ ਕਰ ਕੇ ਇਕ ਅਲੌਕਿਕ ਇਤਿਹਾਸ ਸਿਰਜ ਦਿੱਤਾ ਕਿ ਆਪਣੇ ਬਚਪਨ ਦੇ ਸਾਥੀ ਹਮਸ਼ਕਲ ਅਤੇ ਹਮਉਮਰ ਭਾਈ ਸੰਗਤ ਸਿੰਘ ਜੋ ਹਰ ਵਕਤ ਨਿਮਾਣੇ ਹੋ ਕੇ ਗੁਰੂ-ਘਰ ਦੀ ਸੇਵਾ ਵਿਚ ਰਹਿੰਦੇ ਸਨ, ਨੂੰ ਪਿਆਰੇ ਸਿੱਖ ਹੋਣ ਦਾ ਮਾਣ ਬਖਸ਼ਿਸ਼ ਕਰ ਕੇ ਹਿੱਕ ਨਾਲ ਲਾਇਆ ਅਤੇ ਆਪਣੀ ਜਿਗਾ ਕਲਗੀ, ਭਾਈ ਸੰਗਤ ਸਿੰਘ ਦੇ ਸੀਸ ’ਤੇ ਸਜਾਈ ਅਤੇ ਆਪਣੇ ਸ਼ਸ਼ਤਰ-ਬਸਤਰ ਉਨ੍ਹਾਂ ਨੂੰ ਬਖਸ਼ਿਸ਼ ਕੀਤੇ ਅਤੇ ਥਾਪੜਾ ਦਿੱਤਾ। ਜਿਸਦਾ ਜਿਕਰ ਗੁਰਬਿਲਾਸ ਪਾਤਸ਼ਾਹੀ 10 ਦੇ ਕਰਤਾ ਭਾਈ ਕੁਇਰ ਸਿੰਘ ਨੇ ਇੰਝ ਕੀਤਾ ਹੈ:-

ਜੋਤ ਦਈ ਤਿਹ ਕੋ ਅਪਨੀ ਪੁਨਿ ਦੀ ਕਲਗੀ ਔ ਜਿਗਾ ਸੁਖਦਾਨੀ,

ਸੰਗਤ ਸਿੰਘ ਹੈ ਨਾਮ ਜਿਸੈ ਕਛੁ ਤਾ ਬਪੁ ਹੈ ਕਰਿ ਸ੍ਰੀ ਗੁਰ ਸਾਨੀ।

ਭਾਈ ਸੰਗਤ ਸਿੰਘ ਜੀ, ਤੁਸੀਂ ਮੇਰੇ ਮਗਰੋਂ ਮੇਰੀ ਪੌਸ਼ਾਕ ਵਿਚ ਮੇਰੇ ਮੋਰਚੇ ਵਾਲੇ ਆਸਣ ’ਤੇ ਬੈਠਣਾ ਤੇ ਦਿਨ ਚੜ੍ਹੇ ਜਦੋਂ ਮੁਗ਼ਲ ਫੌਜਾਂ ਗੜ੍ਹੀ ’ਤੇ ਹਮਲਾ ਕਰਨ ਤਾਂ ਵੈਰੀ ਦਾ ਡਟ ਕੇ ਮੁਕਾਬਲਾ ਕਰਨਾ, ਜਿਉਂਦੇ ਜੀਅ ਵੈਰੀ ਦੇ ਹੱਥ ਨਹੀਂ ਲੱਗਣਾ ਅਤੇ ਮੈਦਾਨੇ ਜੰਗ ਵਿਚ ਵੈਰੀ ਨਾਲ ਜੂਝਦਿਆਂ ਹੋਇਆਂ ਸ਼ਹਾਦਤ ਪ੍ਰਾਪਤ ਕਰਨੀ ਹੈ। ਜੰਗ ਬਾਬਤ ਆਪ ਜੀ ਦਾ ਫੈਸਲਾ ਜ਼ਫ਼ਰਨਾਮੇ ਦੇ ਸ਼ੇਅਰ 22 ਵਿਚ ਇਸ ਤਰ੍ਹਾਂ ਹੈ:

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।
ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ।

ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਹਿਲੂਰ ਦੇ ਰਾਜੇ ਕੋਲੋਂ ਪੰਜ ਮੀਲ ਉੱਤਰ-ਪੱਛਮ ਵੱਲ ਪਿੰਡ ਮਾਖੋਵਾਲ ਦੀ ਜ਼ਮੀਨ ਖਰੀਦੀ ਜੋ ਸਤਲੁਜ ਦਰਿਆ ਦੇ ਕੰਢੇ ’ਤੇ ਸੀ, ਜਿੱਥੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਨਾਮ ਦਾ ਨਗਰ ਵਸਾਇਆ ਸੀ ਅਤੇ ਜਿਸ ਦੀ ਨੀਂਹ ਰੱਖਣ ਦਾ ਸ਼ੁਭ ਕਾਰਜ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਸੰਪੂਰਨ ਕੀਤਾ ਸੀ। ਮਾਖੋਵਾਲ ਦਾ ਨਾਮ ਪਹਿਲਾਂ ਚੱਕ ਨਾਨਕੀ ਅਤੇ ਬਾਅਦ ਵਿਚ ਅਨੰਦਪੁਰ ਸਾਹਿਬ ਪ੍ਰਸਿੱਧ ਹੋਇਆ ਜਿਸ ਦੀ ਨੀਂਹ ਰੱਖਣ ਲਈ ਟੱਕ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਲਗਾਇਆ। ਇਥੇ ਹੀ ਭਾਈ ਰਣੀਆ ਜੀ ਅਤੇ ਬੀਬੀ ਅਮਰੋ ਜੀ ਨੇ ਗੁਰੂ ਸਾਹਿਬ ਦੀ ਸੇਵਾ ਵਿਚ ਆਪਣਾ ਜੀਵਨ ਲਗਾਇਆ। ਇਥੋਂ ਬੀਬੀ ਅਮਰੋ ਜੀ ਅਤੇ ਭਾਈ ਰਣੀਆ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਧਰਮ ਪ੍ਰਚਾਰ ਯਾਤਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਰਹਿਨੁਮਾਈ ਹੇਠ ਅਰੰਭ ਕੀਤੀ, ਜਿਸ ਵਿਚ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ, ਮਾਮਾ ਕ੍ਰਿਪਾਲ ਚੰਦ, ਦੀਵਾਨ ਦੁਰਗਾ ਮੱਲ, ਦੁਰਗਾ ਦਾਸ ਆਦਿ ਮਹਾਂਪੁਰਸ਼ਾਂ ਦੇ ਨਾਲ-ਨਾਲ ਬੀਬੀ ਅਮਰੋ ਜੀ ਅਤੇ ਭਾਈ ਰਣੀਆ ਜੀ ਵੀ ਗੁਰੂ-ਘਰ ਦੇ ਟਹਿਲੀਏ ਸੇਵਾਦਾਰ ਵਜੋਂ ਸ਼ਾਮਲ ਸਨ। ਪ੍ਰਚਾਰ ਵਜੋਂ ਮਾਲਵੇ ਦੇਸ਼ ਦੇ ਬਾਂਗਰ ਇਲਾਕੇ ਮਥਰਾ, ਕੁਰੂਕਸ਼ੇਤਰ, ਆਗਰਾ, ਕਾਨ੍ਹਪੁਰ, ਅਲਾਹਾਬਾਦ ਆਦਿਕ ਅਨੇਕਾਂ ਤੀਰਥਾਂ ਦੀ ਯਾਤਰਾ ਕਰਦੇ ਹੋਏ ਪਟਨੇ ਸ਼ਹਿਰ (ਬਿਹਾਰ) ਵਿਖੇ ਪੁੱਜੇ, ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੇ ਪਰਵਾਰ ਅਤੇ ਗੁਰੂ ਦੀ ਸੰਗਤ ਜਿਸ ਵਿਚ ਭਾਈ ਰਣੀਆ ਜੀ ਅਤੇ ਬੀਬੀ ਅਮਰੋ ਜੀ ਵੀ ਸ਼ਾਮਲ ਸਨ, ਨੂੰ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਸੌਂਪ ਕੇ ਢਾਕੇ-ਅਸਾਮ ਦੇਸ਼ ਦੇ ਦੌਰੇ ’ਤੇ ਚਲੇ ਗਏ ਸਨ। ਪਟਨੇ ਵਿਖੇ ਹੀ ਗੁਰੂ ਸਾਹਿਬ ਦੀਆਂ ਬਖਸ਼ਿਸ਼ਾਂ ਸਦਕਾ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ 23 ਪੋਹ 1723 ਬਿਕ੍ਰਮੀ ਤੋਂ ਚਾਰ ਮਹੀਨੇ ਬਾਅਦ ਬੀਬੀ ਅਮਰੋ ਜੀ ਦੀ ਕੁੱਖੋਂ ਭਈ ਰਣੀਆ ਜੀ ਦੇ ਘਰ ਬਾਬਾ ਸੰਗਤ ਸਿੰਘ ਦਾ ਜਨਮ 28 ਵੈਸਾਖ 1724 ਬਿਕ੍ਰਮੀ ਨੂੰ ਹੋਇਆ। ਮਾਤਾ-ਪਿਤਾ ਨੇ ਜਨਮ ਤੋਂ ਹੀ ਆਪ ਜੀ ਦਾ ਨਾਮ ਸੰਗਤਾ ਰੱਖਿਆ।

“ਗਿਆਨੀ ਗੁਰਬਖਸ਼ ਸਿੰਘ ਜੀ ਆਪਣੀ ਪੁਸਤਕ ‘ਕਲਗੀ ਭਾਈ ਸੰਗਤ ਸਿੰਘ ਨੂੰ ਹੀ’ ਵਿਚ ਲਿਖਦੇ ਹਨ ਕਿ ਬਾਬਾ ਸੰਗਤ ਸਿੰਘ ਦੇ ਵੱਡ-ਵਡੇਰੇ ਪੁਰਾਣੇ ਜ਼ਮਾਨੇ ਦੇ ਜਲੰਧਰ ਸੂਬੇ ਦੇ ਪਿੰਡ ਖੇੜੀ (ਫਗਵਾੜੇ ਦੇ ਲਾਗੇ) ਦੇ ਰਹਿਣ ਵਾਲੇ ਸਨ, ਜਿਨ੍ਹਾਂ ਦੇ ਵੱਡ-ਵਡੇਰੇ ਪਹਿਲਾਂ ਬੰਗੇ ਰਹਿੰਦੇ ਸਨ ਜਿਸ ਕਰਕੇ ਖੇੜੀ ਦੇ ਵਸਨੀਕ ਆਪ ਨੂੰ ਬੰਗੇਸਰ ਦੀ ਅੱਲ ਨਾਲ ਪੁਕਾਰਦੇ ਸਨ।”

ਇਤਿਹਾਸ ਨੂੰ ਵਾਚਣ ਉਪਰੰਤ ਪਤਾ ਲੱਗਦਾ ਹੈ ਕਿ, “ਖੇੜੀ ਸਪਰੋੜ ਦੀ ਇਕ ਦਿਲਕੰਬਾਊ ਕਹਾਣੀ ਨੂੰ ਬੜੇ ਜਿਗਰੇ ਨਾਲ ਹੀ ਸੁਣਿਆ ਜਾ ਸਕਦਾ ਹੈ। ਲਾਗੇ-ਲਾਗੇ ਦੇ ਪਿੰਡਾਂ ਤੋਂ ਵੀ ਇਸ ਗੱਲ ਦੀ ਗਵਾਹੀ ਮਿਲਦੀ ਹੈ ਕਿ ਖਾਲਸਾ ਪੰਥ ਦੀ ਸਾਜਨਾ ਸਮੇਂ ਅਨੰਦਪੁਰ ਸਾਹਿਬ ਵਿਖੇ ਇਸੇ ਪਿੰਡ ਦੇ ਭਾਈ ਰਣੀਆ ਜੀ, ਭਾਈ ਜੋਧਾ ਜੀ ਜੋ ਹੀਰ ਗੋਤ ਦੇ ਰਾਮਦਾਸੀਏ ਗੁਰਸਿੱਖ ਸਨ, ਤੇ ਭਾਈ ਭਾਨੂੰ ਜੀ ਦੇ ਸਪੁੱਤਰ ਸਨ, ਦੇ ਪਰਵਾਰਾਂ ਨੇ ਗੁਰੂ ਸਾਹਿਬ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਖਾਲਸਾ ਪੰਥ ਨਾਲ ਆਪਣਾ ਗੂੜ੍ਹਾ ਸਬੰਧ ਜੋੜ ਲਿਆ ਸੀ, ਜਿਸ ਦੇ ਵਿਰੋਧ ਵਿਚ ਆ ਕੇ ਔਰੰਗਜ਼ੇਬ ਹਕੂਮਤ ਨੇ ਇਕ ਖਾਸ ਫਤਵਾ ਜਾਰੀ ਕੀਤਾ ਕਿ ਇਨ੍ਹਾਂ ਦੀ ਜਾਇਦਾਦ ਜਬਤ ਕਰਕੇ ਇਨ੍ਹਾਂ ਨੂੰ ਬਾਗੀ ਕਰਾਰ ਦੇ ਦਿੱਤਾ ਜਾਵੇ ਅਤੇ ਹਕੂਮਤ ਦੇ ਸਪੁਰਦ ਨਾ ਕਰਨ ਦੀ ਸੂਰਤ ਵਿਚ ਪਿੰਡ ਖੇੜੀ ਤਹਿਸ-ਨਹਿਸ ਕਰਨ ਦਾ ਹੁਕਮ ਦਿੱਤਾ ਸੀ, ਇਸ ਤਰ੍ਹਾਂ ਖੇੜੀ ਪਿੰਡ ਜੋ ਜ਼ਾਲਮ ਹਕੂਮਤ ਨੇ ਬੇਰਹਿਮੀ ਦਾ ਸ਼ਿਕਾਰ ਬਣਾ ਕੇ ਉਜਾੜ ਦਿੱਤਾ ਗਿਆ, ਜੋ ਅੱਜ ਵੀ ਥੇਹ ਦੀ ਸ਼ਕਲ ਵਿਚ ਦੇਖਿਆ ਜਾ ਸਕਦਾ ਹੈ।” ਬਾਬਾ ਸੰਗਤ ਸਿੰਘ ਜੀ ਦੇ ਖਾਨਦਾਨ ਦੇ ਜੋ ਪਰਵਾਰ ਥੇਹ ਜੋ ਪਿੰਡ ਖੇੜੀ ਤੋਂ ਉਜੜ-ਪੁਜੜ ਕੇ ਆਏ ਸਨ ਉਨ੍ਹਾਂ ਵਿਚ ਅੱਜ ਵੀ ਪਿੰਡ ਰੁੜਕਾ ਖੁਰਦ, ਖੋਥੜਾਂ, ਜੰਡਾਲੀ, ਚੱਕ ਗੁਰੂ ਆਦਿਕ ਪਿੰਡਾਂ ਵਿਚ ਬਾਬਾ ਜੀ ਦੇ ਖਾਨਦਾਨ ਨਾਲ ਸਬੰਧਿਤ ਬਹੁਤ ਸਾਰੇ ਗੁਰਸਿੱਖ ਪਰਵਾਰ ਗੁਰੂ-ਪੰਥ ਦੀ ਸੇਵਾ ਵਿਚ ਹਨ। ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੰਗਤ ਵਿਚ ਜੰਡੂ ਸਿੰਘਾ (ਜਲੰਧਰ ਸ਼ਹਿਰ) ਇਲਾਕੇ ਦੇ ਭਾਈ ਬੁੱਧਾ ਜੀ ਅਤੇ ਭਾਈ ਸੁੱਧਾ ਜੀ ਰਾਮਦਾਸੀਏ ਸਿੱਖਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ਼ਰਨ ਵਿਚ ਰਹਿ ਕੇ ਗੁਰੂ ਸਾਹਿਬ ਦੁਆਰਾ ਲੜੀਆਂ ਗਈਆਂ ਚੌਹਾਂ ਜੰਗਾਂ ਵਿਚ ਆਪਣੀ ਬਹਾਦਰੀ ਦੇ ਜੌਹਰ ਦਿਖਾਉਂਦਿਆਂ ਵੈਰੀਆਂ ਨੂੰ ਕਰਾਰੇ ਹੱਥ ਦਿਖਾਏ, ਉਥੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਬਣ ਹਿਰਦੇ ਵਿਚ ਇਤਿਹਾਸ ਸਮੋਈ ਬੈਠੀਆਂ ਰਾਮਦਾਸੀਏ ਸਿੱਖਾਂ ਅਤੇ ਸਿੱਖ ਬੀਬੀਆਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਵੀ ਇਤਿਹਾਸ ਆਪਣੀ ਛਾਤੀ ਵਿਚ ਸਮੋਈ ਬੈਠਾ ਹੈ।

ਭਾਈ ਰਤਨ ਸਿੰਘ ਭੰਗੂ ਲਿਖਦੇ ਹਨ ਕਿ “ਵੱਡੇ ਘੱਲੂਘਾਰੇ ਸਮੇਂ ਹੋਰ ਬਿਰਾਦਰੀਆਂ ਦੇ ਨਾਲ-ਨਾਲ ਹਜ਼ਾਰਾਂ ਰਾਮਦਾਸੀਏ ਸਿੰਘਾਂ ਨੇ ਵੀ ਸ਼ਹਾਦਤਾਂ ਪ੍ਰਾਪਤ ਕੀਤੀਆਂ। ਇਸੇ ਤਰ੍ਹਾਂ ਪ੍ਰਿੰ. ਸਤਿਬੀਰ ਸਿੰਘ ਲਿਖਦੇ ਹਨ ਕਿ “ਸਿੱਖ ਰਾਜ ਸਥਾਪਤ ਕਰਨ ਵਿਚ ਰਾਮਦਾਸੀਏ ਸਿੰਘਾਂ ਦਾ ਵਿਸ਼ੇਸ਼ ਯੋਗਦਾਨ ਹੈ।” ਇਤਿਹਾਸ ਦੇ ਪੱਤਰੇ ਵਾਚਣ ਉਪਰੰਤ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਰਾਮਦਾਸੀਏ ਸਿੱਖਾਂ ਦਾ ਇਤਿਹਾਸ ਕਿਸ ਤਰ੍ਹਾਂ ਕੁਰਬਾਨੀਆਂ ਨਾਲ ਲਬਰੇਜ਼ ਹੋਇਆ ਪਿਆ ਹੈ, ਇਨ੍ਹਾਂ ਵਿੱਚੋਂ ਹੀ ਸਨ ਕੌਮ ਦੇ ਅਮੋਲ ਰਤਨ ਬਾਬਾ ਸੰਗਤ ਸਿੰਘ ਜੀ, ਜਿਨ੍ਹਾਂ ਨੇ ਆਪਣਾ ਜੀਵਨ ਮੁੱਢ ਤੋਂ ਲੈ ਕੇ ਅੰਤ ਤਕ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਰਹਿ ਕੇ ਗੁਜ਼ਾਰਿਆ। ਛੋਟੀ ਉਮਰ ਵਿਚ ਆਪ ਪਟਨੇ ਸ਼ਹਿਰ ਵਿਚ ਸ੍ਰੀ (ਗੁਰੂ) ਗੋਬਿੰਦ ਰਾਏ ਜੀ ਨਾਲ ਹੱਸ ਖੇਡ ਤੇ ਬਾਲ-ਲੀਲ੍ਹਾ ਦੀਆਂ ਖੇਡਾਂ ਦੇ ਨਾਲ-ਨਾਲ ਹੀ ਗੁਰੂ ਸਾਹਿਬ ਦੀ ਸ਼ਰਨ ਵਿਚ ਰਹਿ ਕੇ ਭਾਈ ਸੰਗਤੇ ਨੇ ਸ਼ਸ਼ਤਰ ਵਿੱਦਿਆ, ਨਿਸ਼ਾਨੇਬਾਜ਼ੀ, ਨੇਜ਼ੇਬਾਜ਼ੀ ਅਤੇ ਘੋੜਿਆਂ ਦੀ ਦੌੜ ਵਿਚ ਵਿਸ਼ੇਸ਼ ਮੁਹਾਰਤ ਹਾਸਲ ਕੀਤੀ ਅਤੇ ਫਿਰ ਆਪ ਗੁਰੂ ਸਾਹਿਬ ਜੀ ਨਾਲ ਅਨੰਦਪੁਰ ਸਾਹਿਬ ਆ ਗਏ।

ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਜੀ ਨੇ ਜਾਤ-ਪਾਤ ਅਤੇ ਊਚ-ਨੀਚ ਦੇ ਭੇਦ-ਭਾਵਾਂ ਨੂੰ ਖ਼ਤਮ ਕਰਦਿਆਂ

(ਬਾਕੀ ਸਫਾ ਬੀ 22 ਤੇ)

Rai
EXPRESS LINES LTD.



Hiring
Team Owner Operators
• All miles paid
• Year round work
• Criminal record check
• Flexible time off
• On site maintenance/wash facility
• Family atmosphere
• Direct deposit



Karnail Singh Rai
President

Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8

The Grand Taj

THE
GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਸਿਹਤ ਸੰਬੰਧੀ



# ਵਾਲ਼ਾਂ ਦਾ ਝੜਨਾ, ਐਲੋਪੀਸ਼ੀਆ ਅਤੇ ਹੋਮਿਓਪੈਥੀ

ਵਾਲ਼ਾਂ ਦੇ ਟੁੱਟਣ ਜਾਂ ਝੜਨ ਦੀਆਂ ਕਈ ਕਿਸਮਾਂ ਹੁੰਦੀਆਂ ਹਨ ਜਿਨ੍ਹਾਂ ਵਿੱਚੋਂ ਹੇਠ ਲਿਖੀਆਂ ਪ੍ਰਮੁੱਖ ਤੌਰ ’ਤੇ ਦੇਖੀਆਂ ਜਾਂਦੀਆਂ ਹਨ:

1.ਐਲੋਪੀਸ਼ੀਆ ਐਡਨਾਟਾ (Alopecia Adnata): ਜਨਮ ਵੇਲ਼ੇ ਬੱਚੇ ਦੇ ਸਿਰ ਉੱਤੇ ਵਾਲ਼ ਨਾ ਹੋਣ ਜਾਂ ਜਨਮ ਲੈਣ ਤੋਂ ਬਾਅਦ ਉੱਤਰਦੇ ਹੋਣ। ਬੱਚੇ ਦੀ ਮਾਂ ਜਾਂ ਬੱਚੇ ਦੀ ਖ਼ੁਰਾਕ ਵਿੱਚ ਘਾਟ ਇਸ ਦਾ ਖ਼ਾਸ ਕਾਰਨ ਹੁੰਦਾ ਹੈ। ਖ਼ੁਰਾਕ ਦਾ ਚੰਗੀ ਤਰ੍ਹਾਂ ਹਜ਼ਮ ਨਾ ਹੋਣਾ ਵੀ ਇੱਕ ਕਾਰਨ ਹੋ ਸਕਦਾ ਹੈ।

2.ਐਲੋਪੀਸ਼ੀਆ ਐਰੀਐਟਾ (Alopecia Areata): ਇਸ ਕਿਸਮ ਵਿੱਚ ਵਾਲ਼ ਚੌੜੇ-ਚੌੜੇ ਅਤੇ ਗੋਲ ਚਟਾਕਾਂ ਵਿੱਚ ਉੱਤਰਦੇ ਹਨ ਅਤੇ ਇਹ ਖ਼ਾਲੀ ਚਟਾਕ ਦਿਨ-ਬ-ਦਿਨ ਵਧਦੇ ਜਾਂਦੇ ਹਨ। ਮਰਦਾਂ ਵਿੱਚ ਸਿਰ ਦੇ ਨਾਲ-ਨਾਲ ਦਾੜ੍ਹੀ ਜਾਂ ਭਰਵੱਟਿਆਂ ਦੇ ਵਾਲ਼ ਵੀ ਪ੍ਰਭਾਵਿਤ ਹੋ ਸਕਦੇ ਹਨ। ਇਸ ਰੋਗ ਦਾ ਕਾਰਨ ਇੱਕ ਖ਼ਾਸ ਪ੍ਰਕਾਰ ਦੇ ਕਿਟਾਣੂ ਹੁੰਦੇ ਹਨ।

3.ਐਲੋਪੀਸ਼ੀਆ ਪ੍ਰੈਜ਼ੈਨਿਲਿਸ (ਅਲੋਪਏਚਿਓ ਫਰਏਸਏਨਲਿਸਿ): 20 ਤੋਂ 30 ਸਾਲ ਦੀ ਉਮਰ ਵਿੱਚ ਵਾਲ਼ ਮੱਥੇ ਤੋਂ ਡਿੱਗਣੇ ਸ਼ੁਰੂ ਹੋ ਕੇ ਸਿਰ ਦੇ ਪਿਛਲੇ ਪਾਸੇ ਵੱਲ ਨੂੰ ਉੱਤਰਦੇ ਰਹਿੰਦੇ ਹਨ।

4.ਐਲੋਪੀਸ਼ੀਆ ਸੀਨਾਇਲਿਸ (Alopecia Senilis): 40–50 ਸਾਲ ਦੀ ਉਮਰ ਵਿੱਚ ਕਈਆਂ ਦੇ ਸਿਰ ਵਿੱਚ ਗੰਜ ਪੈਣਾ ਸ਼ੁਰੂ ਹੋ ਜਾਂਦਾ ਹੈ। ਵਾਲ਼ ਹੌਲੇ-ਹੌਲੇ ਟੁੱਟਣੇ ਸ਼ੁਰੂ ਹੋ ਜਾਂਦੇ ਹਨ। ਵਾਲ਼ਾਂ ਵਿੱਚ ਚਮਕ ਨਹੀਂ ਰਹਿੰਦੀ। ਇਸ ਦੇ ਕਾਰਨ ਖੋਪੜੀ ਦੀ ਚਮੜੀ ਦਾ ਰੋਗ ਜਾਂ ਖੋਪੜੀ ਵਿੱਚ ਲਹੂ-ਚੱਕਰ ਦੀ ਘਾਟ ਆਦਿ ਹੁੰਦੇ ਹਨ।

ਬਹੁਤੇ ਵਿਅਕਤੀਆਂ ਵਿੱਚ 50–100 ਵਾਲ਼ ਹਰ ਰੋਜ਼ ਡਿੱਗਦੇ ਹਨ। ਜਿਸ ਦਿਨ ਸਿਰ ਧੋਣਾ ਹੋਵੇ ਤਾਂ ਵਾਲ਼ਾਂ ਦੇ ਡਿਗਣ ਦੀ ਮਿਕਦਾਰ ਵਧ ਕੇ 200–250 ਤਕ ਹੋ ਸਕਦੀ ਹੈ। ਪਰ ਵਾਲ਼ਾਂ ਨੂੰ ਡਿਗਣ ਤੋਂ ਬਚਾਉਣ ਵਾਸਤੇ ਵਾਲ਼ਾਂ ਨੂੰ ਨਾ ਧੋਣਾ ਕੋਈ ਹੱਲ ਨਹੀਂ ਕਿਉਂਕਿ ਜੇ ਵਾਲ਼ ਡਿਗਣੇ ਸ਼ੁਰੂ ਹੋਏ ਹਨ ਤਾਂ ਡਿਗਦੇ ਹੀ ਰਹਿਣਗੇ, ਜਦੋਂ ਤਕ ਕੋਈ ਢੁਕਵਾਂ ਹੱਲ ਨਹੀਂ ਲੱਭ ਲਿਆ ਜਾਂਦਾ। ਔਰਤਾਂ ਦੇ ਕੇਸ ਵਿੱਚ ਵਾਲ਼ਾਂ ਦੇ ਝੜਨ ਬਾਰੇ ਸਵੇਰੇ ਜਾਗਣ ਵੇਲ਼ੇ ਉਨ੍ਹਾਂ ਦੇ ਸਿਰ੍ਹਾਣੇ ’ਤੇ ਡਿਗੇ ਹੋਏ ਵਾਧੂ ਵਾਲ਼ਾਂ ਤੋਂ ਪਤਾ ਲਗ ਜਾਂਦਾ ਹੈ ਜਾਂ ਜਦੋਂ ਉਹ ਵਾਲ਼ ਵਾਹੁੰਦੀਆਂ ਹਨ ਤਾਂ ਕੰਘੇ ਵਿੱਚ ਵਾਲ਼ ਟੁੱਟ ਕੇ ਫ਼ਸ ਜਾਂਦੇ ਹਨ ਜਿਸ ਤੋਂ ਪਤਾ ਚਲਦਾ ਹੈ ਕਿ ਵਾਲ਼ਾਂ ਦਾ ਝੜਨਾ ਸ਼ੁਰੂ ਹੋ ਚੁੱਕਾ ਹੈ।ਔਰਤਾਂ ਅਤੇ ਮਰਦਾਂ ਦੇ ਸਿਰ ਦੇ ਵਾਲ਼ ਝੜਨ ਦਾ ਵੀ ਇੱਕ ਅਲੱਗ ਪੈਟ੍ਰਨ ਵੇਖਣ ਵਿੱਚ ਆਉਂਦਾ ਹੈ। ਮਰਦਾਂ ਦੇ ਕੇਸ ਵਿੱਚ ਵਾਲ਼ ਮੂਹਰੇ ਤੋਂ, ਭਾਵ ਮੱਥੇ ਤੋਂ ਝੜਨੇ ਸ਼ੁਰੂ ਹੋ ਕੇ ਪਿੱਛੇ ਵੱਲ ਨੂੰ ਜਾਂਦੇ ਹਨ ਜਾਂ ਸਿਰ ਦੇ ਵਿਚਾਲੇ ਤੋਂ ਡਿਗਣੇ ਸ਼ੁਰੂ ਹੁੰਦੇ ਹਨ। ਔਰਤਾਂ ਦੇ ਕੇਸ ਵਿੱਚ ਵਾਲ਼ ਸਿਖਰ ਦੇ 1/3 ਹਿੱਸੇ ਤੋਂ ਲੈ ਕੇ ਹਿੱਸੇ ਤਕ ਡਿਗਦੇ ਹਨ। ਆਮ ਤੌਰ ’ਤੇ ਔਰਤਾਂ ਦੇ ਸਿਰ ਦੇ ਮੂਹਰਲੇ ਵਾਲ਼ ਠੀਕ ਅਵਸਥਾ ਵਿੱਚ ਰਹਿੰਦੇ ਹਨ। ਵਾਲ਼ਾਂ ਦੇ ਝੜਨ ਦੇ ਪਿੱਛੇ ਜਿੱਥੇ ਕਈ ਤਰ੍ਹਾਂ ਦੇ ਮੈਡੀਕਲ ਕਾਰਨ ਹੋ ਸਕਦੇ ਹਨ, ਜਿਵੇਂ ਥਾਇਰਾਇਡ ਸੰਬੰਧਤ ਰੋਗ, ਖ਼ੂਨ ਦੀ




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579

ਘਾਟ, ਪਰਸੂਤ ਦਿਨਾਂ ਵਿੱਚ, ਚਮੜੀ ਰੋਗ ਜਾਂ ਕੋਈ ਆਟੋ-ਇਮਿਊਨ ਵਿਗਾੜ। ਇਨ੍ਹਾਂ ਤੋਂ ਇਲਾਵਾ ਖਾਨਦਾਨੀ ਕਾਰਨ ਵੀ ਵਾਲ਼ਾਂ ਦੇ ਝੜਨ ਵਿੱਚ ਭੂਮਿਕਾ ਨਿਭਾ ਸਕਦੇ ਹਨ। ਤਣਾਅ, ਪਰੇਸ਼ਾਨੀ ਜਾਂ ਕਿਸੇ ਵਜ੍ਹਾ ਕਰਕੇ ਹੋਇਆ ਉਦਾਸੀ ਰੋਗ ਵੀ ਵਾਲ਼ਾਂ ਦੇ ਝੜਨ ਦਾ ਸੰਭਾਵਤ ਕਾਰਨ ਬਣਦਾ ਹੈ। ਕਈ ਕੇਸਾਂ ਵਿੱਚ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਫ਼ੈਸ਼ਨ ਦੇ ਤੌਰ ’ਤੇ ਸਿੱਧੇ ਵਾਲ਼ਾਂ ਨੂੰ ਕੁੰਡਲਦਾਰ ਕਰਵਾਉਣ ਜਾਂ ਕੁੰਡਲਦਾਰ ਵਾਲ਼ਾਂ ਨੂੰ ਸਿੱਧੇ ਕਰਵਾਉਣ ਦੀ ਪ੍ਰਕਿਰਿਆ ਦੌਰਾਨ ਵਰਤੇ ਗਏ ਕੈਮੀਕਲ ਵੀ ਵਾਲ਼ਾਂ ਦੇ ਝੜਨ ਦੀ ਵਜ੍ਹਾ ਬਣ ਸਕਦੇ ਹਨ।ਵਾਲ਼ਾਂ ਨੂੰ ਝੜਨ ਤੋਂ ਰੋਕਣ ਵਾਸਤੇ ਇਨ੍ਹਾਂ ਦੇ ਡਿਗਣ ਦੇ ਕਾਰਨਾਂ ਨੂੰ ਪਛਾਣਨਾ ਬਹੁਤ ਲਾਜ਼ਮੀ ਹੁੰਦਾ ਹੈ। ਢੁਕਵੇਂ ਇਲਾਜ ਰਾਹੀਂ ਅਤੇ ਚੰਗਾ ਪੌਸ਼ਟਿਕ ਆਹਾਰ ਲੈਣ ਨਾਲ ਇਸ ਸਮੱਸਿਆ ਨੂੰ ਕਿਸੇ ਹੱਦ ਤਕ ਠੀਕ ਕੀਤਾ ਜਾ ਸਕਦਾ ਹੈ। ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਪੀੜ੍ਹਤ ਵਿਅਕਤੀ ਦੇ ਜੀਵਨ ਦੇ ਹਰ ਉਸ ਪਹਿਲੂ ਨੂੰ ਗਹਿਰਾਈ ਨਾਲ ਘੋਖਿਆ ਜਾਂਦਾ ਹੈ ਜੋ ਵਾਲ਼ ਡਿਗਣ ਦੀ ਵਜ੍ਹਾ ਬਣਦੇ ਹਨ। ਵਿਅਕਤੀ ਦਾ ਜੀਵਨ ਚਿੱਤਰਣ ਸੰਬੰਧੀ ਪੂਰੀ ਜਾਣਕਾਰੀ ਲਈ ਜਾਂਦੀ ਹੈ, ਜਿਵੇਂ ਕਿ ਉਸ ਦਾ ਸੁਭਾਅ, ਖਾਣ-ਪੀਣ ਦੀਆਂ ਆਦਤਾਂ, ਕੰਮ-ਕਾਰ ਦੀ ਕਿਸਮ, ਭੁੱਖ, ਪਿਆਸ, ਨੀਂਦ, ਕਬਜ਼ ਆਦਿ। ਨਾਲ ਹੀ, ਪੀੜ੍ਹਤ ਵਿਅਕਤੀ ਜਿਹੜੇ ਰੋਗਾਂ ਤੋਂ ਗ੍ਰਸਤ ਹੋਵੇ, ਉਨ੍ਹਾਂ ਸਭ ਰੋਗਾਂ ਦਾ ਮੁਲਾਂਕਣ ਵੀ ਕੀਤਾ ਜਾਂਦਾ ਹੈ। ਇੰਝ ਵਿਸਥਾਰਪੂਰਵਕ ਹਿਸਟਰੀ ਲੈਣ ਉਪਰੰਤ ਹੀ ਢੁਕਵੀਂ ਹੋਮਿਓਪੈਥਿਕ ਦਵਾਈ ਦੀ ਚੋਣ ਕੀਤੀ ਜਾ ਸਕਦੀ ਹੈ ਜੋ ਕਿ ਵਿਅਕਤੀ ਦੇ ਪੂਰੇ ਸਿਸਟਮ ਨੂੰ ਸੰਤੁਲਿਤ ਕਰਦਿਆਂ ਝੜਦੇ ਵਾਲ਼ਾਂ ਦੀ ਰੋਕਥਾਮ ਵਿੱਚ ਸਹਾਈ ਹੁੰਦੀ ਹੈ।

## ਕਈ ਬੀਮਾਰੀਆਂ ਨੂੰ ਜੜ੍ਹੋਂ ਖਤਮ ਕਰਦਾ ਹੈ ‘ਜੀਰਾ’

**1. ਬਲੱਡ ਸ਼ੂਗਰ ਕੰਟਰੋਲ ਕਰਨ ‘ਚ ਮਦਦਗਾਰ :** ਅੱਜਕਲ 10 ‘ਚੋਂ 6 ਲੋਕ ਡਾਇਬਿਟੀਜ਼ ਨਾਲ ਗ੍ਰਸਤ ਹਨ।2 ਚੱਮਚ ਕਾਲਾ ਜੀਰਾ ਤਵੇ ‘ਤੇ ਭੁੰਨ ਕੇ ਪਾਊਡਰ ਬਣਾ ਲਓ। ਚੁਟਕੀ ਭਰ ਇਸ ਪਾਊਡਰ ਦਾ ਸੇਵਨ ਪਾਣੀ ਨਾਲ ਦਿਨ ‘ਚ ਦੋ ਵਾਰ ਕਰੋ।

**2. ਪ੍ਰਤੀਰੋਧੀ ਸਮਰੱਥਾ ਵਧਾਏ :** ਰੋਗਾਂ ਨਾਲ ਲੜਣ ਲਈ ਸਰੀਰ ‘ਚ ਪ੍ਰਤੀਰੋਧੀ ਸਮਰੱਥਾ ਦਾ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ।

**3. ਪਾਚਨ ਕਿਰਿਆ ਦਰੁਸਤ :** ਪਾਚਨ ‘ਚ ਗੜਬੜੀ ਨੂੰ ਦੂਰ ਕਰਨ ‘ਚ ਵੀ ਜੀਰਾ ਬੈਸਟ ਹੈ। ਇਸ ‘ਚ ਕੈਲਸ਼ੀਅਮ ਪਾਇਆ ਜਾਂਦਾ ਹੈ। ਜੋ ਲਾਰ ਪੈਦਾ ਕਰਦਾ ਹੈ ਅਤੇ ਇਸ ਨਾਲ ਪਾਚਨ ਕਿਰਿਆ ਦਰੁਸਤ ਰਹਿੰਦੀ ਹੈ।

**4. ਨੀਂਦ ਨਾ ਆਉਣ ਦੀ ਸਮੱਸਿਆ**: ਇਸ ‘ਚ ਮੌਜੂਦ ਮੈਲਾਟੋਨਿਨ ਨੀਂਦ ਲਈ ਮਦਦਗਾਰ ਹੈ। ਇਹ ਹਾਰਮੋਨ ਸੌਣ ‘ਚ ਮਦਦ ਕਰਦਾ ਹੈ।






# ਹਸਗੁੱਲੇ

ਡਾਕਟਰ, ''ਜਦੋਂ ਤੁਸੀਂ ਤਣਾਓ ਵਿੱਚ ਹੁੰਦੇ ਹੋ ਤਾਂ ਕੀ ਕਰਦੇ ਹੋ?''
ਮਰੀਜ਼, ''ਜੀ ਅਜਿਹਾ ਹੋਣ ਉੱਤੇ ਮੈਂ ਮੰਦਰ ਚਲਾ ਜਾਂਦਾ ਹਾਂ।''
ਡਾਕਟਰ, ''ਬਹੁਤ ਵਧੀਆ। ਧਿਆਨ-ਲਗਾਉਂਦੇ ਹੋ ਉਥੇ?''
ਮਰੀਜ਼, ''ਜੀ ਨਹੀਂ, ਲੋਕਾਂ ਦੇ ਬੂਟ ਮਿਕਸ ਕਰ ਦਿੰਦਾ ਹਾਂ। ਫਿਰ ਉਨ੍ਹਾਂ ਲੋਕਾਂ ਨੂੰ ਦੇਖਦਾ ਰਹਿੰਦਾ ਹਾਂ, ਉਨ੍ਹਾਂ ਨੂੰ ਤਣਾਓ ਵਿੱਚ ਦੇਖ ਕੇ ਮੇਰਾ ਤਣਾਓ ਦੂਰ ਹੋ ਜਾਂਦਾ ਹੈ।''

*********

ਨੌਕਰ, ''ਸਰ, ਛੁੱਟੀ ਚਾਹੀਏ।''
ਮਾਲਕ, ''ਛੁੱਟੀ ਇੱਕ ਹੀ ਸ਼ਰਤ ਉੱਤੇ ਮਿਲੇਗੀ। ਦੱਸੋ ਕਟੱਪਾ ਨੇ ਬਾਹੂਬਲੀ ਨੂੰ ਕਿਉਂ ਮਾਰਿਆ?''
ਨੌਕਰ, ''ਸਰ, ਹੋ ਸਕਦਾ ਹੈ ਬਾਹੂਬਲੀ ਨੇ ਕਟੱਪਾ ਨੂੰ ਛੁੱਟੀ ਹੀ ਨਾ ਦਿੱਤੀ ਹੋਵੇ।''
ਮਾਲਕ ਨੇ ਪੁੱਛਿਆ, ''ਕਿੰਨੇ ਦਿਨ ਦੀ ਛੁੱਟੀ ਚਾਹੀਦੀ ਹੈ।''

*********

ਭਗਤ, ''ਬਾਬਾ ਪੜ੍ਹਿਆ ਲਿਖਿਆ ਹਾਂ, ਪਰ ਨੌਕਰੀ ਨਹੀਂ ਮਿਲਦੀ। ਕੀ ਕਰਾਂ?''
ਬਾਬਾ, ''ਤੁਸੀਂ ਕਿੱਥੇ ਤੱਕ ਪੜ੍ਹੇ ਹੋ?''
ਭਗਤ, ''ਬਾਬਾ ਜੀ, ਮੈਂ ਬੀ ਏ ਕੀਤੀ ਹੈ।''
ਬਾਬਾ, ''ਇੱਕ ਵਾਰ ਹੋਰ ਬੀ ਏ ਕਰ ਲਵੋ। ਦੁਬਾਰਾ ਕਰਨ ਨਾਲ ਬਾਬਾ ਬਣ ਜਾਓਗੇ। ਨੌਕਰੀ ਦੀ ਜ਼ਰੂਰਤ ਹੀ ਨਹੀਂ ਪਏਗੀ।''

*********

ਮਾਂ, ''ਬੇਟਾ ਜਾ ਕੇ ਸੌਂ ਜਾ, ਇਸ ਨੂੰ ਆਰਾਮ ਦੇ ਜ਼ਰਾ।''
ਬੇਟਾ, ''ਦਿਮਾਗ ਨੂੰ ਜਾਂ ਆਪਣੀਆਂ ਅੱਖਾਂ ਨੂੰ?''
ਮਾਂ, ''ਫੋਨ ਨੂੰ।''

*********

ਦੋ ਦੋਸਤ ਗੱਲਾਂ ਕਰ ਰਹੇ ਸੀ।
ਪਹਿਲਾ, ''ਪਤਾ ਹੈ ਆਪਣੇ ਪਿੰਡ ਦੇ ਸਰਪੰਚ ਕੋਮਾ ਵਿੱਚ ਚਲੇ ਗਏ ਹਨ।''
ਦੂਸਰਾ, ''ਹਾਂ ਭਰਾ, ਉਹ ਤਾਂ ਪੈਸੇ ਵਾਲੇ ਹਨ, ਕਿਤੇ ਵੀ ਜਾ ਸਕਦੇ ਹਨ।''

*********

ਮਾਸਟਰ, ''ਪੱਪੂ ਤੁਹਾਡਾ ਦਾਦਾ ਜੀ ਕਿੱਥੇ ਹਨ?''
ਪੱਪੂ, ''ਦਾਦਾ ਜੀ ਤਾਂ 10 ਸਾਲ ਪਹਿਲਾਂ ਗੁਜ਼ਰ ਗਏ।''
ਮਾਸਟਰ, ''ਕੀ? ਕੀ ਹੋਇਆ ਸੀ ਉਨ੍ਹਾਂ ਨੂੰ?''
ਪੱਪੂ, ''ਹੋਇਆ ਕੁਝ ਨਹੀਂ ਸੀ, ਯੋਗਾ ਕਰ ਰਹੇ ਸਨ, ਕਰਦੇ ਕਰਦੇ ਚਲੇ ਗਏ।''
ਮਾਸਟਰ, ''ਉਹ ਕਿਵੇਂ?''
ਪੱਪੂ, ''ਬਾਬਾ ਰਾਮਦੇਵ ਨੇ ਬੋਲਿਆ ਕਿ ਸਾਹ ਅੰਦਰ ਲਓ, ਜਦੋਂ ਮੈਂ ਕਹਾਂ ਉਦੋਂ ਛੱਡਣਾ, ਤੁਰੰਤ ਲਾਈਟ ਚਲੀ ਗਈ, ਫਿਰ ਤਿੰਨ ਘੰਟੇ ਬਾਅਦ ਆਈ, ਤਦ ਤੱਕ ਦਾਦਾ ਜੀ ਗੁਜ਼ਰ ਚੁੱਕੇ ਸਨ।''

*********

ਰੰਜਨਾ ਨੇ ਆਪਣੀ ਮੰਮੀ ਨੂੰ ਕਿਹਾ, ''ਮੈਨੂੰ ਦੂਜੇ ਸਕੂਲ ਵਿੱਚ ਭਰਤੀ ਕਰਾ ਦਿਓ।''
ਮੰਮੀ, ''ਕਿਉਂ ਬੇਟੀ?''
ਰੰਜਨਾ, ''ਸਾਡੇ ਹਿਸਟਰੀ ਦੇ ਅਧਿਆਪਕ ਨੂੰ ਕੁਝ ਨਹੀਂ ਆਉਂਦਾ।''
ਮੰਮੀ, ''ਤੈਨੂੰ ਕਿੱਦਾਂ ਪਤਾ ਲੱਗਾ?''
ਰੰਜਨਾ, ''ਕੱਲ੍ਹ ਉਹ ਮੈਨੂੰ ਹੀ ਪੁੱਛ ਰਹੇ ਸੀ ਕਿ ਮਹਾਰਾਣਾ ਪ੍ਰਤਾਪ ਕੌਣ ਸੀ?''

*********

ਚਪੜਾਸੀ, ''ਸਾਹਿਬ, ਤੁਹਾਡੇ ਲੰਗੋਟੀਆ ਦੋਸਤ ਦਾ ਫੋਨ ਆਇਆ ਸੀ।''
ਸਾਹਿਬ, ''ਤੈਨੂੰ ਕਿੱਦਾਂ ਪਤਾ ਕਿ ਉਹ ਮੇਰਾ ਲੰਗੋਟੀਆ ਦੋਸਤ ਹੀ ਹੈ?''
ਚਪੜਾਸੀ, ''ਸਾਹਿਬ ਉਸ ਨੇ ਕਿਹਾ ਸੀ ਕਿ ਜ਼ਰਾ ਦੇਖੋ, ਉਹ ਬੇਵਕੂਫ ਆਇਆ ਹੈ ਜਾਂ ਨਹੀਂ?''

*********

ਟੀਚਰ ਨੇ ਨੇ ਸਾਇੰਸ ਲੈਬ ਚ ਆਪਣੀ ਜੇਬ੍ਹ ਚੋਂ ਇੱਕ ਸਿੱਕਾ ਕੱਢਿਆ ਤੇ ਐਸਿਡ ਚ ਪਾ ਦਿੱਤਾ ਫਿਰ ਵਿਦਿਆਰਥੀ ਤੋਂ ਪੁੱਛਿਆ 'ਦੱਸੋ ਇਹ ਸਿੱਕਾ ਘੁਲ਼ ਜਾਵੇਗਾ ਜਾਂ ਨਹੀਂ?
ਵਿਦਿਆਰਥੀ :-ਸਰ ਨਹੀਂ ਘੁਲੇਗਾ।
ਟੀਚਰ:- ਸ਼ਾਬਾਸ਼ ਪਰ ਤੈਨੂੰ ਕਿਵੇਂ ਪਤਾ ?
ਵਿਦਿਆਰਥੀ:-ਸਰ ਜੇ ਐਸਿਡ ਵਿੱਚ ਪਾਉਣ ਨਾਲ ਸਿੱਕਾ ਘੁਲਦਾ ਤਾਂ ਤੁਸੀਂ ਸਿੱਕਾ ਸਾਡੇ ਤੋਂ ਮੰਗਦੇ ਕਦੇ ਵੀ ਆਪਣੀ ਜੇਬ ਚੋਂ ਨਾ ਕੱਢਦੇ।

*********

ਅਧਿਆਪਕ, ''ਸਰਕਾਰ ਨੇ ਵੋਟ ਪਾਉਣ ਲਈ ਉਮਰ 18 ਸਾਲ ਅਤੇ ਵਿਆਹ ਲਈ 21 ਸਾਲ ਕਿਉਂ ਰੱਖੀ ਹੈ?''
ਵਿਦਿਆਰਥੀ, ''ਸਰਕਾਰ ਨੂੰ ਪਤਾ ਹੈ ਕਿ ਦੇਸ਼ ਸੰਭਾਲਣਾ ਸੌਖਾ ਹੈ, ਪਰ ਪਤਨੀ ਨੂੰ ਸੰਭਾਲਣਾ ਸੌਖਾ ਨਹੀਂ।''

********

ਕੁੜੀ, ''ਜੇ ਮੈਂ ਮਰ ਗਈ ਤਾਂ ਤੂੰ ਕੀ ਕਰੇਂਗਾ?''
ਮੁੰਡਾ, ''ਮੈਂ ਵੀ ਮਰ ਜਾਵਾਂਗਾ।''
ਕੁੜੀ, ''...ਪਰ ਕਿਉਂ?''
ਮੁੰਡਾ, ''ਤੇਰੇ ਚੱਕਰ ਵਿੱਚ ਉਧਾਰ ਇੰਨਾ ਹੋ ਗਿਆ ਹੈ ਕਿ ਜਿਊਣਾ ਮੁਸ਼ਕਿਲ ਹੈ।''

*********

ਪਿਓ, ''ਸ਼ਰਾਬ, ਸਿਗਰਟ, ਕੁੜੀਆਂ ਇਹ ਸਭ ਤੇਰੇ ਦੁਸ਼ਮਣ ਹਨ ਬੇਟਾ।''
ਬੇਟਾ, ''ਜੋ ਮਰਦ ਆਪਣੇ ਦੁਸ਼ਮਣਾਂ ਤੋਂ ਭੱਜਦਾ ਹੈ, ਉਹ ਬੁਜ਼ਦਿਲ ਹੁੰਦਾ ਹੈ ਡੈਡੀ।''
ਬੱਚਾ, ''ਪਾਪਾ, ਜੇ ਤੁਹਾਨੂੰ ਪਤਾ ਲੱਗੇ ਕਿ ਮੈਂ ਪੇਪਰਾਂ ਵਿੱਚ ਪਹਿਲੇ ਨੰਬਰ 'ਤੇ ਆਇਆ ਤਾਂ ਤੁਹਾਨੂੰ ਕਿਹੋ ਜਿਹਾ ਲੱਗੇਗਾ?''
ਪਾਪਾ, ''ਬੇਟਾ, ਮੈਂ ਤਾਂ ਖੁਸ਼ੀ ਨਾਲ ਮਰ ਜਾਵਾਂਗਾ।''
ਬੱਚਾ, ''ਬਸ ਇਸੇ ਡਰ ਕਾਰਨ ਮੈਂ ਫੇਲ ਹੋ ਗਿਆ।''
*ਡਾਕਟਰ (ਮਰੀਜ਼ ਨੂੰ) ਤੁਹਾਨੂੰ ਆਉਣ ਵਿੱਚ ਦੇਰ ਹੋ ਗਈ ਹੈ।
ਮਰੀਜ਼:- ਕੀ ਹੋਇਆ ਡਾਕਟਰ ਸਾਹਿਬ, ਮੇਰੇ ਕੋਲ ਕਿੰਨਾ ਸਮਾਂ ਰਹਿ ਗਿਆ ਹੈ?
ਡਾਕਟਰ - ਤੁਸੀਂ ਮਰ ਨਹੀਂ ਰਹੇ ਹੋ, 6 ਵਜੇ ਆਉਂਣਾ ਸੀ, 7 ਵਜੇ ਆਏ ਹੋ..

*******

ਇੱਕ ਚੂਹਾ ਸ਼ਰਾਬ ਦੇ ਗਲਾਸ ਵਿੱਚ ਡਿੱਗ ਪਿਆ ...
ਇੱਕ ਬਿੱਲੀ ਉੱਥੋਂ ਲੰਘ ਰਹੀ ਸੀ।
ਚੂਹੇ ਨੇ ਬਿੱਲੀ ਨੂੰ ਕਿਹਾ - ਮੈਨੂੰ ਇੱਥੋਂ ਕੱਢ ਦਿਓ, ਫਿਰ ਭਾਵੇਂ ਇਹ ਮੈਨੂੰ ਖਾ ਲਵੀਂ।
ਬਿੱਲੀ ਨੇ ਗਲਾਸ ਵਿੱਚ ਲੱਤ ਮਾਰ ਕੇ ਗਲਾਸ ਸੁੱਟ ਦਿੱਤਾ।ਚੂਹਾ ਬਾਹਰ ਭੱਜਿਆ ਅਤੇ ਖੁੱਡ ਵਿੱਚ ਵੜ੍ਹ ਗਿਆ।
ਬਿੱਲੀ ਨੇ ਕਿਹਾ - ਝੂਠਾ, ਧੋਖੇਬਾਜ਼, ਤੂੰ ਕਹਿ ਰਿਹਾ ਸੀ ਮੈਨੂੰ ਬਾਹਰ ਕੱਢਦੇ ਫਿਰ, ਭਾਵੇਂ ਖਾ ਲਈਂ!
ਚੂਹਾ:ਮੁਸਕਰਾਇਆ ਅਤੇ ਕਿਹਾ - ਗੁੱਸਾ ਨਾ ਕਰ, ਮੈਂ ਉਸ ਸਮੇਂ ਸ਼ਰਾਬੀ ਸੀ।

*******

ਇੱਕ ਪਿੰਡ ਵਿੱਚ ਹੜ੍ਹ ਆਇਆ ਤਾਂ ਮੀਡੀਆ ਵਾਲੇ ਸਰਪੰਚ ਕੋਲ ਗਏ ਤੇ ਬੋਲੇ, ''ਤੁਹਾਡੇ ਪਿੰਡ ਦੀ ਆਬਾਦੀ ਸਰਕਾਰੀ ਰਜਿਸਟਰ ਵਿੱਚ 500 ਹੈ, ਪਰ ਨਦੀ ਵਿੱਚੋਂ 900 ਲੋਕਾਂ ਨੂੰ ਕੱਢਿਆ ਗਿਆ ਹੈ, ਅਜਿਹਾ ਕਿਵੇਂ?''ਸਰਪੰਚ, ''ਰਜਿਸਟਰ ਦਾ ਹਿਸਾਬ ਸਹੀ ਹੈ, ਗੱਲ ਇਹ ਹੈ ਕਿ ਪਿੰਡ ਵਾਲਿਆਂ ਨੇ ਕਦੇ ਹੈਲੀਕਾਪਟਰ ਨਹੀਂ ਦੇਖਿਆ, ਫੌਜੀ ਇਨ੍ਹਾਂ ਨੂੰ ਕਿਨਾਰੇ ਉੱਤੇ ਲੈ ਕੇ ਆਉਂਦੇ ਹਨ ਤੇ ਇਹ ਹੈਲੀਕਾਪਟਰ ਵਿੱਚ ਚੜ੍ਹਨ ਲਈ ਫਿਰ ਪਾਣੀ ਵਿੱਚ ਛਾਲ ਮਾਰ ਦਿੰਦੇ ਹਨ।''

*******

ਮੰਗਤਾ,''ਸਾਬ੍ਹ, 20 ਰੁਪਏ ਦਿਓ ਨਾ, ਕੌਫ਼ੀ ਪੀਣੀ ਹੈ।''
ਆਦਮੀ,''...ਪਰ ਕੌਫ਼ੀ ਤਾਂ 10 ਰੁਪਏ ਦੀ ਆਉਂਦੀ ਹੈ।''
ਭਿਖਾਰੀ, ''ਮੇਰੀ ਗਰਲ ਫਰੈਂਡ ਵੀ ਨਾਲ ਹੈ ਨਾ।''
ਆਦਮੀ, ''ਓਏ! ਮੰਗਤਾ ਹੋ ਕੇ ਤੂੰ ਗਰਲ ਫਰੈਂਡ ਵੀ ਬਣਾਈ ਹੈ।''
ਭਿਖਾਰੀ, ''ਨਹੀਂ ਜੀ, ਗਰਲ ਫਰੈਂਡ ਨੇ ਮੈਨੂੰ ਭਿਖਾਰੀ ਬਣਾ ਦਿੱਤਾ ਹੈ।''

*******

ਪੱਪੂ, ''ਯਾਰ! ਉਹ ਲੜਕੀ ਮੈਨੂੰ ਬੋਲ਼ੀ ਲੱਗਦੀ ਹੈ?''
ਚੰਪੂ, ''ਕਿਉਂ ਕੀ ਗੱਲ?''
ਪੱਪੂ, ''ਯਾਰ! ਕੱਲ੍ਹ ਮੈਂ ਉਸ ਨੂੰ 'ਆਈ ਲਵ ਯੂ' ਕਿਹਾ ਤੇ ਅੱਗੋਂ ਕਹਿੰਦੀ 'ਕੱਲ੍ਹ ਹੀ ਨਵੇਂ ਸੈਂਡਲ ਖਰੀਦੇ ਹਨ'।''

*******

ਸੋਨੂੰ (ਮੋਨੂੰ ਨੂੰ), ''ਤੈਨੂੰ ਪਤਾ ਹੈ ਕਿ ਵਿਆਹੇ ਲੋਕ ਅਖ਼ਬਾਰ ਵਿੱਚ ਆਪਣਾ ਰਾਸ਼ੀਫਲ ਨਹੀਂ ਦੇਖਦੇ।''
ਮੋਨੂੰ, ''ਅਜਿਹਾ ਕਿਉਂ?''
ਸੋਨੂੰ, ''ਅਜਿਹੇ ਲੋਕ ਪਤਨੀ ਦਾ ਚਿਹਰਾ ਦੇਖ ਕੇ ਹੀ ਸਮਝ ਲੈਂਦੇ ਹਨ ਕਿ ਦਿਨ ਕਿਵੇਂ ਦਾ ਲੰਘੇਗਾ।''

*******

ਪਿਓ-ਪੁੱਤਰ 5 ਤੋਂ ਬਾਅਦ ਕੀ ਆਉਂਦਾ ਹੈ?
ਪੁੱਤਰ:6 ਅਤੇ 7 ਪਾਪਾ!
ਪਿਤਾ:ਸ਼ਾਬਾਸ਼ ਬੇਟਾ ਮੈਂ ਬਹੁਤ ਖੁਸ਼ ਹਾਂ
6, 7 ਤੋਂ ਬਾਅਦ ਕੀ ਆਉਂਦਾ ਹੈ!
ਪੁੱਤਰ - 8, 9, 10
ਪਿਤਾ: ਅਤੇ ਉਸ ਤੋਂ ਬਾਅਦ?
ਪੁੱਤਰ:ਅਤੇ ਫਿਰ ਗੁਲਾਮ, ਬੇਗਮ ਤੇ ਬਾਦਸ਼ਾਹ!

*******

ਇੱਕ ਭਿਖਾਰੀ ਨੂੰ 100 ਦਾ ਨੋਟ ਮਿਲਿਆ।ਉਸ ਨੇ ਪੰਜ ਤਾਰਾ ਹੋਟਲ ਵਿੱਚ ਜਾ ਕੇ ਰੱਜ ਕੇ ਖਾਣਾ ਖਾਧਾ।1500 ਰੁਪਏ ਦਾ ਬਿੱਲ ਆਇਆ ਤਾਂ ਉਸ ਨੇ ਮੈਨੇਜਰ ਨੂੰ ਕਿਹਾ, ਪੈਸੇ ਨਹੀਂ ਹਨ!
ਮੈਨੇਜਰ ਨੇ ਉਸ ਭਿਖਾਰੀ ਨੂੰ ਪੁਲਿਸ ਹਵਾਲੇ ਕਰ ਦਿੱਤਾ।
ਭਿਖਾਰੀ ਨੇ ਬਾਹਰ ਜਾ ਕੇ ਪੁਲਿਸ ਨੂੰ 100 ਦਾ ਨੋਟ ਦੇ ਦਿੱਤਾ ਅਤੇ ਘਰ ਚਲਾ ਗਿਆ।ਇਸ ਨੂੰ ਕਹਿੰਦੇ ਹਨ... ਭਾਰਤ ਵਿੱਚ ਰੁਪਏ ਦੀ ਸਹੀ ਵਰਤੋਂ, ਘੱਟ ਖਰਚ ਕੇ ਵੱਧ ਫਾਇਦਾ ਕਮਾਉਣਾ।



SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponsorships of spouses, dependant children and parents
*Inland sponsorships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886
SINGH THIND & ASSOCIATES
BARRISTERS & SOLICITORS

# ਮਾਲਕ ਅਤੇ ਗੁਲਾਮ ਦੀ ਮਿੱਤਰਤਾ

ਹੋ ਹੀ ਨਹੀ ਸਕਦੀ। ਰਿਸ਼ਤਾ ਅਤੇ ਮਿੱਤਰਤਾ ਹਮੇਸ਼ਾਂ ਬਰਾਬਰ ਦੇ ਨਾਲ ਹੁੰਦੀ ਪਰ ਗੁਲਾਮ ਅਤੇ ਮਾਲਕ ਦੀ ਕਾਹਦੀ ਬਰਾਬਰਤਾ।ਨੌਕਰ ਅਤੇ ਮਾਲਕ, ਅਜਾਦ ਅਤੇ ਗੁਲਾਮ ਵਿਚਲੀ ਲਕੀਰ ਬੜੀ ਗਾਹੜੀ ਹੁੰਦੀ। ਪਾੜਾ ਵਡਾ ਹੁੰਦਾ ਇਸ ਲਈ ਕਿਸੇ ਵੀ ਮਿੱਤਰਤਾ ਦਾ ਪੁਲ ਦੋਹਾਂ ਨੂੰ ਜੋੜ ਨਹੀ ਸਕਦਾ। ਜੋੜ ਹੈ ਹੀ ਕੋਈ ਨਹੀ ਦੋਹਾਂ ਵਿਚ। ਵਿਥ ਰਹਿਣੀ ਹੀ ਰਹਿਣੀ। ਗੈਬ ਰਹਿਣਾ ਹੀ ਰਹਿਣਾ।ਸਿਖਾਂ ਵਿਚੋਂ ਜਦ ਕੁਝ ਤਬਕਾ ਹਿੰਦੂ ਨਾਲੋਂ ਨਹੁੰ ਮਾਸ ਦੇ ਰਿਸ਼ਤੇ ਤੋਂ ਨਾਬਰ ਹੁੰਦਾ ਤਾਂ ਉਸ ਦਾ ਇਕ ਅਰਥ ਹੁੰਦਾ, ਮਾਇਨੇ ਹੁੰਦੇ ਇਸ ਗਲ ਦੇ। ਇਓਂ ਨਹੀ ਕਿ ਓਹ ਹਿੰਦੂ ਨੂੰ ਨਫਰਤ ਕਰ ਰਿਹਾ ਹੁੰਦਾ ਬਲਕਿ ਓਹ ਮਹਿਸੂਸ ਕਰ ਰਿਹਾ ਹੁੰਦਾ ਕਿ ਨਹੁੰ ਮਾਸ ਦਾ ਰਿਸ਼ਤਾ ਇਸ ਨਾਲ ਮੇਰਾ ਕਿਵੇਂ ਹੋ ਸਕਦਾ ਜਦ ਕਿ ਇਥੇ ਬਰਾਬਰਤਾ ਹੀ ਕੋਈ ਨਹੀ।ਇਸ ਬਗਾਵਤ ਪਿਛੇ ਉਸ ਦਾ ਗੁਲਾਮ ਹੋਣ ਦਾ ਅਹਿਸਾਸ ਹੁੰਦਾ ਅਤੇ ਇਹ ਅਹਿਸਾਸ ਉਸ ਨੂੰ ਇਸ ਰਿਸ਼ਤੇ ਦੇ ਭਰੋਸੇ ਵਿਚ ਉਤਰਨ ਨਹੀ ਦਿੰਦਾ।ਇਹ ਅਹਿਸਾਸ ਪਲਾਂ ਵਿਚ ਹੀ ਨਹੀ ਜੰਮ ਪਿਆ ਇਸ ਪਿਛੇ ਪੂਰਾ ਇਕ ਇਤਿਹਾਸ ਖੜਾ ਹੈ ਅਤੇ ਗਹਿਰੇ ਨਿਸ਼ਾਨ ਨੇ ਜਿਹੜੇ ਪੰਜਾਬ ਦੇ ਪਿੰਡੇ ਉਪਰ ਲਗਾਤਾਰ ਲਾਏ ਜਾਂਦੇ ਰਹੇ ਨੇ। ਓਨਾ ਜਖਮਾਂ ਦੀ ਚੀਸ ਓਨਾ ਨੂੰ ਚਿੜਚਿੜਾ ਕਰਦੀ ਹੈ ਅਤੇ ਓਹ ਅਜਿਹੇ ਬੇਜੋੜ ਰਿਸ਼ਤਿਆਂ ਤੋਂ ਬਾਗੀ ਹੋ ਉਠਦੇ ਨੇ। ਓਨਾ ਨੂੰ ਅਜਿਹੀ ਮਿੱਤਰਤਾ ਸ਼ੱਕੀ ਜਾਪਦੀ ਹੈ ਜਿਹੜੀ ਜਖਮ ਵੀ ਦਿੰਦੀ ਅਤੇ ਮਲਮ ਵੀ ਨਹੀ ਲਾਓਂਦੀ। ਅਤੇ ਹੋਰ ਦੁਖ ਦੀ ਗਲ ਕਿ ਬਜਾਇ ਉਸ ਦਾ ਜਖਮੀ ਪਿੰਡਾ ਦੇਖਿਆ ਜਾਂਦਾ, ਕੋਈ ਫੇਹਾ ਲਾਇਆ ਜਾਂਦਾ ਸਗੋਂ ਸਿਰ ਫਿਰਿਆ, ਗਦਾਰ, ਖਾਲਿਸਤਾਨੀ, ਅਤਵਾਦੀ ਕਹਿ ਕੇ ਉਸ ਉਪਰ ਹੋਰ ਲੂਣ ਭੁਕ ਦਿਤਾ ਜਾਂਦਾ ਹੈ। ਮਿੱਤਰਤਾ ਦੀਆਂ ਦੋ ਮੁੱਢਲੀਆਂ ਸ਼ਰਤਾਂ ਹੁੰਦੀਆਂ। ਬਰਾਬਰਤਾ ਅਤੇ ਭਰੋਸਾ। ਇਥੇ ਤਾਂ ਇਕ ਵੀ ਨਾ। ਭਰੋਸੇ ਦੀ ਤਾਂ ਵਹੀ ਹੀ ਪਾੜ ਛਡੋ ਲੰਮਿਆਂ ਜਾਣਾ ਪਵੇਗਾ ਜੇ ਦੂਰ ਨਿਕਲ ਪਏ ਪਰ 84 ਹੀ ਬਹੁਤ ਹੈ ਭਰੋਸੇ ਦੀ ਵਿਆਖਿਆ ਲਈ। ਬਰਾਬਰਤਾ ਤਾਂ ਇਥੇ ਨੇੜੇ ਤੇੜੇ ਵੀ ਨਾ। ਨੌਕਰ ਅਤੇ ਮਾਲਕ ਨੂੰ ਬਰਬਾਰ ਸਮਝਣਾ ਤਾਂ ਨਿਰੀ ਮੂਰਖਤਾ।ਨੌਕਰ ਜੇ ਮਾਲਕ ਕੋਲੋਂ ਮਿੱਤਰਤਾ ਦੀ ਆਸ ਰਖ ਰਿਹਾ ਤਾਂ ਓਹ ਸੁਪਨੇ ਵਿਚ ਹੈ। ਇਕ ਵਕੀਲ ਦਾ ਮਿੱਤਰ ਰਿਕਸ਼ੇ ਵਾਲਾ ਅਤੇ ਡਾਕਟਰ ਦਾ ਠੇਲੇ ਵਾਲਾ। ਕੋਈ ਗਲ ਬਣਦੀ ਹੋਵੇ। ਰਿਸ਼ਤਾ ਤਾਂ ਓਂ ਈ ਦੂਰ ਦੀ ਗਲ। ਮਨੁੱਖਤਾ ਦੇ ਝਰੋਖੇ ਚੋਂ ਸਭ ਮਿਤਰ। ਬੇਗਾਨਾ ਹੈ ਹੀ ਕੋਈ ਨਾ। ਸਭ ਮਾਨਸ ਦੀ ਜਾਤ। ਸਭ ਰਬ ਦੇ ਬੰਦੇ। ਕੋਈ ਮਾਲਕ ਨਾ ਨੌਕਰ। ਨੌਕਰ ਵੀ ਓਸੇ ਦੀ ਜੋਤ ਮਾਲਕ ਵੀ ਓਹੀ ਹਵਾ ਖਾ ਕੇ ਜਿਓ ਰਹਿਆ। ਪਰ ਜਦ ਗਲ ਅਪਣੇ ਵਜੂਦ ਦੀ ਆਵੇਗੀ ਅਪਣੀ ਹਸਤੀ ਦੀ ਤਾਂ ਇਥੇ ਮੇਰੇ ਰਸਤੇ ਅਲੱਗ ਨੇ। ਜਦ ਮੈਂ ਅਤੇ ਓਹ ਵਿਕਟਮ ਸਾਂ ਅਸੀਂ ਚੰਗੇ ਮਿਤਰ ਸਾਂ। ਕਿਓਂਕਿ ਅਸੀਂ ਬਰਾਬਰ ਸਾਂ।ਸਾਡਾ ਨਹੁੰ ਮਾਸ ਦਾ ਰਿਸ਼ਤਾ ਨਿਭੀ ਜਾਂਦਾ ਸੀ। ਬਾਵਜੂਦ ਉਸ ਦੀਆਂ ਗਦਾਰੀਆਂ ਦੇ, ਦਿਲੀ ਜਾ ਕੇ ਲਾਈਆਂ ਲੂਤੀਆਂ ਦੇ, ਹਿੰਦੂ ਰਾਜਿਆਂ ਵਲੋਂ ਚਾਹੜੀਆਂ ਫੌਜਾਂ ਦੇ, ਕੱਟੜ ਆਰੀਆ ਸਮਾਜੀ ਸੁਆਮੀ ਦਇਆ ਨੰਦ ਵਰਗਿਆਂ ਦੀ ਵੰਡੀ ਜਹਿਰ ਦੇ ਵੀ ਸਿਖ ਗੌਲਦੇ ਨਾ ਸੀ ਪਰ ਹੁਣ ਗੌਲਦੇ ਨੇ ਕਿਓਂਕਿ ਓਹ ਹੁਣ ਵਿਕਟਿਮ ਨਹੀ ਰਿਹਾ। ਹੁਣ ਮੇਰਾ ਰਿਸ਼ਤਾ ਬਰਾਬਰ ਨਹੀ ਰਿਹਾ ਬਲਕਿ ਗੁਲਾਮ ਅਤੇ ਮਾਲਕ ਵਾਲਾ ਹੈ।ਕ੍ਰਿਕਟ ਵੇਲੇ ਜਦ ਮੇਰੇ ਕੁਝ ਲੋਕ ਹਿੰਦੋਸਤਾਨ ਦੀ ਬਜਾਇ ਪਾਕਿਸਤਾਨ ਦੇ ਜਿਤਣ ਵੰਨੀ ਉਤਸੁਕ ਹੋ ਰਹੇ ਹੁੰਦੇ ਨੇ ਤਾਂ ਓਨਾ ਦੀ ਪੀੜਾ ਸਮਝ ਆਓਂਦੀ ਚਾਹੀਦੀ ਹੈ। ਓਹ ਮਾਲਕ ਵਲੋਂ ਦਿਤੇ ਜਾ ਰਹੇ ਅਨਾਦਰ ਦੇ ਅਹਿਸਾਸ ਦਾ ਇਜਹਾਰ ਕਰ ਰਹੇ ਹੁੰਦੇ ਨੇ ਜਿਹੜਾ ਓਹ ਨਿਤ ਦਿੰਦਾ ਹੈ। ਓਨਾ ਦੀ ਮਾਨਸਿਕਤਾ ਦੀ ਗਹਿਰਾਈ ਵਿਚੋਂ ਓਨਾ ਦੇ ਜਖਮ ਰਿਸ ਰਹੇ ਹੁੰਦੇ ਹਨ ਜਿਹੜੇ ਹਾਲੇ ਉਸ ਕਲ ਦਿਤੇ ਨੇ।ਯਾਦ ਰਹੇ ਮਾਲਕ ਮੂਹਰੇ ਗੁਲਾਮ ਜਿੰਨਾ ਮਰਜੀ ਹਥ ਬੰਨੀ ਰਖੇ, ਜਿੰਨਾ ਮਰਜੀ ਉਸ ਦੇ ਨਿਆਣਿਆਂ ਦੀਆਂ ਨਲੀਆਂ ਪੂੰਝੀ ਫਿਰੇ, ਵਫਾਦਾਰੀ ਦਾ ਇਜਹਾਰ ਕਰਦਾ ਫਿਰੇ ਪਰ ਰਹੇਗਾ ਓਹ ਸ਼ੱਕੀ ਹੀ। ਕਲ ਦੀ ਹੀ ਗਲ ਹੈ ਕ੍ਰਿਕਟ ਵੇਲੇ ਇਕ ਗਲਤੀ ਨਾਲ ਹੀ ਜੂੜੇ ਵਾਲਾ ਖਾਲਸਤਾਨੀ ਹੋ ਗਿਆ ਯਾਣੀ ਸ਼ੱਕੀ। ਖਾਸ ਕਰ ਉਸ ਹਾਤਾਲ ਵਿਚ ਤਾਂ ਗੁਲਾਮ ਉਪਰ ਭਰੋਸਾ ਬਿਲਕੁਲ ਹੀ ਨਹੀ ਕੀਤਾ ਜਾ ਸਕਦਾ ਜਦ ਮਾਲਕ ਨੂੰ ਪਤਾ ਹੋਵੇ ਕਿ ਮੇਰੇ ਤਖਤ ਦੀ ਮਾਲਕੀ ਵਿਚ ਗੁਲਾਮ ਵੀ ਬਰਾਬਰ ਦਾ ਹਿਸੇਦਾਰ ਹੈ ਜਿਸ ਕੋਲੋਂ ਧੋਖੇ ਨਾਲ ਹਥਿਆਇਆ ਗਿਆ ਹੈ ਅਤੇ ਇਹ ਕਦੇ ਵੀ ਬਗਾਵਤ ਕਰ ਸਕਦਾ ਹੈ।ਦਰਾਵੜਾਂ ਨੂੰ ਆਰੀਅਨ ਲੋਕਾਂ ਜਦ ਹਰਾਇਆ ਤਾਂ ਓਨਾ ਦੀ ਸੁਲਘ ਰਹੀ ਬਗਾਵਤ ਨੂੰ ਕੁਚਲਣ ਲਈ ਓਨਾ ਨੂੰ ਇਨਾ ਜਲੀਲ ਕੀਤਾ ਗਿਆ ਕਿ ਓਹ ਜਲੀਲ ਕਰਨ ਵਾਲਿਆਂ ਦੇ ਦੇਵਤਿਆਂ ਨੂੰ ਹੀ ਅਪਣਾ ਦੇਵਤੇ ਮੰਨਣ ਲਗ ਗਏ ਅਤੇ ਅਜ ਤੁਸੀਂ ਦੇਖ ਰਹੇ ਹੋਂ ਕਿ ਦਰਾਵੜ ਯਾਣੀ ਦਲਿਤ ਬ੍ਰਾਹਮਣ ਨਾਲੋਂ ਵੀ ਜਿਆਦਾ ਜੋਰ ਦੀ ਟਲੀਆਂ ਖੜਕਾ ਰਹੇ ਨਜਰ ਆਓਂਦੇ ਨੇ।

ਮੇਰੇ ਨਾਲ ਵੀ ਇਓਂ ਹੋਇਆ ਅਤੇ ਮੇਰੇ ਵਾਲੇ ਵੀ ਅਜ ਗੋਟੇ ਵਾਲੀਆਂ ਚੁੰਨੀਆਂ ਲਈ ਓਨਾ ਨਾਲੋਂ ਵਧ ਕੇ ਮਾਤਾ ਦੇ 'ਬਰੇਕ ਡਾਂਸ' ਕਰ ਰਹੇ ਹੁੰਦੇ ਨੇ।ਬੰਦਾ ਦੋ ਟੰਗਾਂ ਜਾਂ ਬਾਹਾਂ ਅਤੇ ਸਿਰ ਦਾ ਨਾਂ ਨਹੀ ਬਲਕਿ ਇਕ ਜਿਓਂਦੇ ਅਹਿਸਾਸ ਦਾ ਨਾਮ ਮਨੁੱਖ ਹੈ ਨਹੀ ਤਾਂ ਉਸ ਅਤੇ ਪਸ਼ੂ ਵਿਚ ਕੋਈ ਫਰਕ ਨਾ। ਸਿਖ ਦਾ ਅਹਿਸਾਸ ਹੀ ਹੈ ਜਿਹੜਾ ਉਸ ਨੂੰ ਨਹੁੰ ਮਾਸ ਦਾ ਇਹ ਰਿਸ਼ਤਾ ਹਜਮ ਨਹੀ ਹੋਣ ਦੇਣ ਡਿਹਾ। ਜਿਸ ਦਾ ਜਿੰਨਾ ਅਹਿਸਾਸ ਜਿਓਂਦਾ ਹੋਵੇਗਾ ਉਸ ਅੰਦਰਲੀ ਬਾਗੀ ਸੁਰ ਓਨੀ ਉਸ ਨੂੰ ਪ੍ਰੇਸ਼ਾਨ ਕਰੇਗੀ। ਅਹਿਸਾਸ ਮਰ ਗਿਆ ਬੰਦਾ ਤਾਂ ਲਾਸ਼ ਹੁੰਦਾ ਤਾਂ ਲਾਸ਼ ਨੇ ਕਾਹਦਾ ਬੋਲਣਾ ਚਾਹੇ ਮਾਲਕ ਦੇ ਪੈਰਾਂ ਹੇਠ ਵਿਸ਼ਾ ਦਿਓ। 'ਗਿਆਨੀ' ਜੈਲ ਸਿੰਘ ਕਹਿ ਤਾਂ ਰਹਿਆ ਸੀ ਕਿ ਇੰਦਰਾ ਕਹੇ ਤਾਂ ਮੈਂ ਚਪਲਾਂ ਵੀ ਝਾੜਨ ਲਈ ਤਿਆਰ ਹਾਂ।ਯਾਦ ਰਖਣਾ ਮਾਲਕ ਨਾਲ ਗੁਲਾਮ ਦੀ ਨਾ ਮਿੱਤਰਤਾ ਰਹਿ ਸਕਦੀ ਨਾ ਰਿਸ਼ਤਾ ਨਿਭ ਸਕਦਾ। ਹਾਂਅ! ਲਾਸ਼ਾਂ ਨਾਲ ਤਾਂ ਨਰੜ ਬਥੇਰੇ ਨਿਭ ਜਾਂਦੇ ਨੇ ਅਤੇ ਨਿਭੀ ਆ ਰਹੇ ਨੇ ਪਰ ਓਹ ਰਿਸ਼ਤੇ ਨਹੀ ਹੁੰਦੇ। ਕਿ ਹੁੰਦੇ?-ਗੁਰਦੇਵ ਸਿੰਘ ਸੱਧੇਵਾਲੀਆ

# ਪਰਕਸ ਵੱਲੋਂ ਸ਼੍ਰੋਮਣੀ ਪੱਤਰਕਾਰ ਸ. ਹਰਬੀਰ ਸਿੰਘ ਭੰਵਰ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ



ਅੰਮ੍ਰਿਤਸਰ:- ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੁਸਾਇਟੀ ਲਿਮਿਟਿਡ ਲੁਧਿਆਣਾ/ਅੰਮ੍ਰਿਤਸਰ (ਪਰਕਸ) ਵਲੋਂ ਸ਼੍ਰੋਮਣੀ ਪੱਤਰਕਾਰ ਸ. ਹਰਬੀਰ ਸਿੰਘ ਭੰਵਰ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸੁਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਮੀਤ ਪ੍ਰਧਾਨ ਡਾ. ਬ੍ਰਹਮਜਗਦੀਸ਼ ਸਿੰਘ, ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰੈਸ ਸਕੱਤਰ ਪ੍ਰਿੰਸੀਪਲ ਅੰਮ੍ਰਿਤ ਲਾਲ ਮੰਨਣ, ਸਕੱਤਰ ਗੁਰਮੀਤ ਪਲਾਹੀ ਤੇ ਬੋਰਡ ਦੇ ਡਾਇਰੈਟਰ ਡਾ. ਬ੍ਰਿਜਪਾਲ ਸਿੰਘ, ਸ੍ਰੀ ਮਤੀ ਜਸਬੀਰ ਕੌਰ, ਡਾ. ਬੂਟਾ ਸਿੰਘ ਬਰਾੜ, ਡਾ. ਸੁਰਿੰਦਰਪਾਲ ਸਿੰਘ ਮੰਡ,ਸ੍ਰੀ ਹਰਜਿੰਦਰ ਸਿੰਘ ਸੂਰਜੇਵਾਲੀਆ ਤੇ ਡਾ. ਜੀਤ ਸਿੰਘ ਜੋਸ਼ੀ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਕਿ ਅਜ ਭੰਵਰ ਸਾਹਿਬ ਸਾਡੇ ਵਿਚ ਨਹੀਂ ਰਹੇ ਪਰ ਉਨ੍ਹਾਂ ਵੱਲੋਂ ਕੀਤੇ ਸਾਹਿਤਕ ਕਾਰਜ ਤੇ ਪ੍ਰਕਾਸ਼ਿਤ ਪੁਸਤਕਾਂ ਜਿਵੇਂ ਪੰਜਾਬ ਦਾ ਲੋਕ-ਨਾਇਕ, ਸਾਕਾ ਨੀਲਾ ਤਾਰਾ ਬਾਰੇ ਡਾਇਰੀ ਦੇ ਪੰਨੇ , ਨਾਰੀਅਲ ਦੀ ਧਰਤੀ 'ਤੇ, ਸੋਭਾ ਸਿੰਘ (ਜੀਵਨ ਤੇ ਕਲਾ) , 'ਮੇਰੀ ਕੈਨੇਡਾ ਫੇਰੀ' ਆਦਿ ਉਨ੍ਹਾਂ ਦੇ ਨਾਂ ਨੂੰ ਹਮੇਸ਼ਾਂ ਕਾਇਮ ਰਖਣਗੀਆਂ।ਉਨ੍ਹਾਂ ਦੇ ਚਲੰਤ ਮਾਮਲਿਆ ਤੇ ਸਿੱਖ ਧਰਮ ਬਾਰੇ ਅਕਸਰ ਦੇਸ਼ ਵਿਦੇਸ਼ ਦੀਆਂ ਅਖ਼ਬਾਰਾਂ ਵਿਚ ਛਪਦੇ ਰਹਿੰਦੇ ਸਨ।ਉਨ੍ਹਾਂ ਪ੍ਰੋ: ਪੁਰਦਮਨ ਸਿੰਘ ਬੇਦੀ ਤੇ ਪ੍ਰੋ.ਗੁਰਭਜਨ ਸਿੰਘ ਗਿੱਲ ਨਾਲ ਮਿਲ ਕੇ ਸ਼ੋਭਾ ਸਿੰਘ ਚਿੱਤਰਕਾਰ ਸਿਮਰਤੀ ਗ੍ਰੰਥ 2003 ਵਿਚ ਸੰਪਾਦਿਤ ਕੀਤਾ ।ਉਨ੍ਹਾਂ ਨੇ ਦਿ ਟ੍ਰਿਬਿਊਨ, ਬੀ.ਬੀ.ਸੀ., ਪੰਜਾਬੀ ਜਾਗਰਣ ਤੇ ਦੈਨਿਕ ਜਾਗਰਣ ਅਖ਼ਬਾਰਾਂ ਲਈ ਕੰਮ ਕੀਤਾ।ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਬਤੌਰ ਮੀਡੀਆ ਸਲਾਹਕਾਰ ਨੌਕਰੀ ਕੀਤੀ।

ਉਹ ਦੇਸ਼-ਵਿਦੇਸ਼ ਘੁੰਮੇ ।ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਅਤੇ ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ, ਚੰਡੀਗੜ੍ਹ ਦੇ ਜੀਵਨ ਮੈਂਬਰ ਸਨ।ਪ੍ਰੈਸ ਕਲੱਬ ਪਟਿਆਲਾ ਤੇ ਪ੍ਰੈਸ ਕਲੱਬ ਅੰਮ੍ਰਿਤਸਰ ਦੇ ਪ੍ਰਧਾਨ ਰਹੇ । ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ "ਇਨਸਾਈਕਲੋਪੀਡੀਆ ਆਫ ਸਿਖ਼ਿਜ਼ਮ" ਦੀ ਨਵੀਂ ਐਡੀਸ਼ਨ ਲਈ "ਅਪਰੇਸ਼ਨ ਬਲਿਊ ਸਟਾਰ" ਬਾਰੇ "ਐਂਟਰੀ" ਲਿਖ ਕੇ ਦਿਤੀ ।ਉਨ੍ਹਾਂ ਨੂੰ ਦੋ ਦਰਜਨ ਤੋਂ ਵੱਧ ਸਾਹਿੱਤਕ, ਧਾਰਮਿਕ, ਅਤੇ ਪੱਤਰਕਾਰਤਾ ਨਾਲ ਜੁੜੀਆਂ ਜੱਥੇਬੰਦੀਆਂ ਵਲੋਂ ਸਮੇਂ ਸਮੇਂ ਸਨਮਾਨਿਤ ਕੀਤਾ ਗਿਆ।ਇੰਡੀਅਨ ਮੀਡੀਆ ਸ਼ੈਂਟਰ ਲੁਧਿਆਣਾ ਵਲੋਂ ਆਪ ਨੰ ਲਾਇਫ਼ ਟਾਇਮ ਅਚੀਵਮੈਂਟ ਅਵਾਰਡ ਨਾਲ ਨਿਵਾਜਿਆ ਗਿਆ।


LANGLEY BANQUET HALL



SERVICE AVAILABLE IN SURREY, DELTA, LANGLEY & ALDERGROVE

ਆਪਣੀ ਹਰ ਤਰ੍ਹਾਂ ਦੀ ਪਾਰਟੀ ਜਿਵੇਂ
ਜਨਮ ਦਿਨ
ਕੁੜਮਾਈ
ਵਿਆਹ
ਗ੍ਰੈਜੂਏਸ਼ਨ
ਐਨੀਵਰਸਰੀਜ਼
ਆਫਿਸ ਪਾਰਟੀਜ਼
ਸੈਮੀਵਾਰਜ਼
ਲੈਡੀਜ਼ ਪਾਰਟੀ
ਰੀਸੈਪਸ਼ਨਸ
ਬਿਜ਼ਨਿਸ ਮੀਟਿੰਗਸ

6 DAY TIFFIN SERVICE
4 DAY VEG / 2 DAY NON VEG
1 DAAL 1 SABZI 8 ROTI
WITH RAITA AND DESSERT
220$ a month
OR
6 DAY VEG
1 DAAL 1 SABZI
8 ROTI WITH RAITA AND
DESSERT 200$ month

ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3



AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਕੁਰਸੀਓ ਕੁਰਸੀ ਮੁੜਕਿਓ ਮੁੜਕੀ

ਲਗਦਾ ਹੁਣ ਹਫਤਾ ਕੁ ਕੁਰਸੀਆਂ ਈ ਚਲਣਗੀਆਂ ਯਾਣੀ ਹੁਣ ਕੁਰਸੀਆਂ ਦਾ ਵਲਡ ਕਪ ਖੇਡਿਆ ਜਾਊ

ਬਾਬੇ ਤੋਤੇ ਵਰਗਿਆਂ ਕਿਆਂ ਦੀਆਂ ਵੀ ਗਲਾਂ ਮੁਕੀਆਂ ਜਿਹੀਆਂ ਹੋਈਆਂ ਸਨ ਓਹ ਵਿਚਾਰਾ ਅਪਣੇ ਈ ਚੇਲਿਆਂ ਉਪਰ ਖਿਝੀ ਜਾ ਰਿਹਾ ਸੀ ਕਿ ਮੇਰੀਆਂ ਗਲਾਂ ਬਾਂਸ ਦੀ ਫੂਕ ਵਰਗੀਆਂ ਹੋ ਗਈਆਂ ਜਿਹੜੀਆਂ ਟਿਕਦੀਆਂ ਹੀ ਨਹੀ ਕਿਤੇ ਯਾਣੀ ਹਵਾ ਤਰਾਂ ਹੀ ਲੰਘੀ ਜਾਦੀਆਂ।

ਪਰ ਹੁਣ ਥੋੜੀ ਜਿਹੀ ਹਰਿਆਲੀ ਦਿਸਦੀ ਜਾਪਦੀ ਉਸ ਦੇ ਮੂੰਹ ਤੇ। ਓਹ ਵੀ ਕੁਰਸੀਓ ਕੁਰਸੀ ਹੋਇਆ ਲਿਪਸਟਿਕ ਵਾਲੇ ਬੁਲਾਂ ਵਿਚਦੀ ਮੁਸਕੜੀਏ ਜਿਹੀ ਹਸਣ ਲਗ ਪਿਆ ਅਤੇ ਪਾਸੇ ਜਿਹੇ ਮਾਰ ਮਾਰ ਚਟਖਾਰੇ ਲੈਣ ਲਗ ਗਿਆ।

ਓਧਰ ਗੋਲਡਮੈਡ ਲਿਸਟਾਂ ਦੇ ਖੇਮੇ ਵਿਚ ਵਿਚ ਵੀ ਥੋੜੀ ਰੌਣਕ ਜਾਪ ਰਹੀ। ਬਾਕੀ ਸਾਰਾ ਗਿਆਨ ਛਡ ਕੇ ਓਹਨਾ ਦਾ ਜੋਰ ਵੀ ਕੁਰਸੀਆਂ ਕੁਰਸੀਆਂ ਖੇਡਣ ਤੇ ਲਗਾ ਵਿਆ। ਬਾਕੀ ਤਾਂ ਪਤਾ ਨਹੀ ਪਰ ਅੰਮ੍ਰਿਤਪਾਲ ਆਕਸੀਜਨ ਜਿਹੀ ਦੇ ਗਿਆ ਬਿਮਾਰ ਜਿਹੀ ਪਈ ਜਿੰਦ ਨੂੰ। ਵੇਰਕੇ ਵਾਲਾ ਦੇਸੀ ਘਿਓ ਪੀਤੇ ਤਰਾਂ ਰਾਤੋ ਰਾਤ ਡੌਲੇ ਫਰਕ ਆਏ ਗਿਆਨੀਆਂ ਦੇ।

ਤੋਤੇ ਕਿਆਂ, ਕਾਮਰੇਡਾਂ ਅਤੇ ਗੋਲਡਮੈਡ ਲਿਸਟਾਂ ਨੂੰ ਇਕ ਸਾਂਝਾ ਦੁਸ਼ਮਣ ਮਿਲ ਗਿਆ ਹੈ ਖੇਡਣ ਨੂੰ ਯਾਣੀ ਕੁਰਸੀਓ ਕੁਰਸੀ ਹੋਣ ਨੂੰ। ਓਹ ਹੁਣ ਇਕ ਦੂਏ ਦੀਆਂ ਪੰਜਾਮੀਆਂ ਖਿੱਚਣ ਦੀ ਬਜਾਇ ਸਾਝੇਂ ਦੁਸ਼ਮਣ ਨਾਲ ਮੁੜਕੋ ਮੁੜਕੀ ਹੋਏ ਆਪਸ ਵਿਚੀਂ ਘਿਓ ਖਿਚੜੀ ਜਾਪ ਰਹੇ ਨੇ।

ਕੁਰਸੀਓ ਕੁਰਸੀ ਦੀ ਇਸ ਲੜਾਈ ਵਿਚ ਸਰਕਾਰ ਅਪਣਾ ਦਾਅ ਲਾ ਰਹੀ ਐ। ਲੋਕ ਬੇਘਰੇ ਹੋ ਰਹੇ ਨੇ। ਭਈਆਂ ਦੀਆਂ ਧਾੜਾਂ ਟਿੱਡੀ ਦਲ ਤਰਾਂ ਪੰਜਾਬ ਉਪਰ ਚੜੀਆਂ ਆ ਰਹੀਆਂ ਨੇ। ਨਸ਼ਿਆਂ ਦਾ ਦਰਿਆ ਓਵੇਂ ਹੀ ਛਲਾਂ ਮਾਰ ਰਿਹਾ ਹੈ। ਨਿਆਣੇ ਡੁਬ ਰਹੇ ਨੇ, ਜਵਾਨੀ ਰੁੜ ਰਹੀ ਹੈ ਪਰ ਕੁਰਸੀਆਂ ਵਾਲਿਆਂ ਦਾ ਜੋਰ ਜੋਰਾਂ ਉਪਰ ਹੈ। ਕੁਰਸੀਆਂ ਵਾਲੇ ਕੁਰਸੀ ਕੁਰਸੀ ਖੇਡ ਕੇ ਢਠੇ ਘਰਾਂ ਵਾਲਿਆਂ ਕੋਲੇ ਵੀ ਜਾ ਪਹੁੰਚੇ ਨੇ ਇਹ ਹਾਲੇ ਤਕ ਕੁਰਸੀ ਦੀਆਂ ਲਤਾਂ ਧੂਹੀ ਫਿਰ ਰਹੇ ਨੇ।

ਵੈਨਕੋਵਰ ਬੜੇ ਚਿਰ ਦੀ ਗਲ ਹੈ। ਮੈਂ ਗੁਰਦੁਆਰੇ ਜਾ ਰਹਿਆ ਸੀ ਰਸਤੇ ਵਿਚ ਬਜੁਰਗ ਇਕ ਨੂੰ ਵੀ ਉਧਰ ਤੁਰਿਆ ਜਾਂਦੇ ਦੇਖ ਮੈਂ ਉਸ ਨੂੰ ਗਡੀ ਵਿਚ ਬੈਠਾ ਲਿਆ ਕਿ ਚਲ ਛਡ ਦਿੰਨਾ। ਪਰ ਬੈਠਦੇ ਸਾਰ ਹੀ ਉਸ ਦੀ ਪੀਤੀ ਸ਼ਰਾਬ ਦਾ ਫਰਾਟਾ ਜਦ ਸਿਰ ਨੂੰ ਚੜਿਆ ਤਾਂ ਮੈਂ ਪੁਛਿਆ ਬਾਬਾ ਪੀਤੀ ਤੇ ਗੁਰੂ ਘਰ ਚਲਿਆਂ? ਤਾਂ ਓਹ ਬੜੀ ਬੇਸ਼ਰਮੀ ਨਾਲ ਕਹਿੰਦਾ ਮੈਂ ਕਿਹੜਾ ਉਪਰ ਜਾਣਾ ਹੇਠੋਂ ਲੰਗਰ ਵਿਚੋਂ ਹੀ ਮੁੜ ਆਓਂਣਾ। ਮੈਂ ਗਡੀ ਰੋਕ ਕੇ ਉਸ ਨੂੰ ਕਿਹਾ ਛੇਤੀ ਉਤਰ ਮੇਰੀ ਗਡੀ ਵਿਚੋਂ ਨਹੀ ਤਾਂ ਧਕੇ ਮਾਰ ਕੇ ਲਾਹੂੰ।

ਅਤੇ ਕੁਰਸੀਆਂ ਤਪੜਾਂ ਦੀ ਓਥੇ ਦੀ ਲੜਾਈ ਸਮੇ ਓਹੀ ਬੁਢੇ ਕਾਮਰੇਡਾਂ ਸਭ ਤੋਂ ਮੂਹਰੇ ਲਾਏ ਹੋਏ ਸਨ ਖੁਰਪੇ ਫੜਾ ਕੇ। ਇਹ ਵਖਰੀ ਗਲ ਕਿ ਓਹੀ ਖੁਰਪਾ ਜਦ ਕਾਮਰੇਡਾਂ ਦੇ ਵਰਿਆ ਤਾਂ ਚਿਟੀ ਬਰਫ ਉਤੋਂ ਦੀ ਲਾਲ ਤਤੀਰੀਆਂ ਛੁਟਦੀਆਂ ਜਾਂਦੀਆਂ ਦੇਖਣ ਵਾਲੀਆਂ ਸਨ।

ਟਰੱਕ ਐਕਸੀਡੈਂਟ ਵਿਚ ਮੇਰੀ ਟੂਟੀ ਹਿਪ ਰਿਪਲੇਸ ਹੋਣ ਕਾਰਨ ਮੇਰੇ ਕੋਲੋਂ ਨਾ ਬਹੁਤਾ ਹੇਠਾਂ ਬੈਠ ਹੁੰਦਾ ਨਾ ਚੌਕੜੀ ਵਜਦੀ ਪਰ ਮੇਰਾ ਹੌਸਲਾ ਤਾਂ ਕਦੇ ਨਹੀ ਪਿਆ ਕਿ ਮੈਂ ਪਿਛੇ ਲਗੇ ਬੈਂਚਾਂ ਤੇ ਜਾ ਬੈਠਾਂ।

ਯਾਦ ਰਹੇ ਮੂਰਤਾਂ ਪਹਿਲਾਂ ਕਾਗਜਾਂ ਤੋਂ ਸ਼ੁਰੂ ਹੋਈਆਂ ਸਨ ਪਰ ਓਹ ਬਿਮਾਰੀ ਅਜ ਬੁਤਾਂ ਦਾ ਰੂਪ ਲੈ ਚੁਕੀ ਹੋਈ। ਅਜ ਗਦਿਆਂ ਵਾਲੇ ਬੈਚਾਂ ਦਾ ਰੂਪ ਪਹਿਲਾਂ ਛੋਟੇ ਜਿਹੇ ਟੂਲਾਂ ਤੋਂ ਸ਼ੁਰੂ ਹੋਇਆ ਸੀ ਅਤੇ ਅਜ ਵਿਆਹ ਵੇਲੇ ਲਾੜੀ ਲਾੜੇ ਵੀ ਕੁਰਸੀਆਂ ਭਾਲਣ ਲਗ ਗਏ ਨੇ। ਬਿਮਾਰੀ ਸ਼ੁਰੂ ਹੁੰਦੇ ਸਾਰ ਮਹਾਂਮਾਰੀ ਨਹੀ ਹੁੰਦੀ। ਸਾਹ ਘੁਟ ਸੁਟਣ ਵਾਲੀ ਟੀ ਬੀ ਤਾਂ ਛੋਟੀ ਜਿਹੀ ਖੰਘ ਤੋਂ ਚਲਦੀ। ਮੇਰੇ ਪੈਰ ਠਰਦੇ ਨੇ ਮੈਨੂੰ ਦਰਬਾਰ ਸਾਹਿਬ ਜੁਰਾਬਾਂ ਕਿਓਂ ਨਾ ਪਾਓਂਣ ਦਿਤੀਆਂ ਜਾਣ। ਮੇਰੇ ਕੋਲੋਂ ਤੁਰ ਨਹੀ ਹੁੰਦਾ ਨੰਗੇ ਪੈਰੀਂ ਮੈਨੂੰ ਪਰਕਰਮਾ ਵਿਚ ਰਬੜ ਦੇ ਬੂਟਾਂ ਦੀ ਛੋਟ ਹੋਣੀ ਚਾਹੀਦੀ।

ਮੇਰੇ ਗੋਡੇ ਦੁਖਦੇ ਮੈਨੂੰ ਕੁਰਸੀ ਚਾਹੀਦੀ। ਮੇਰੇ ਪੁੜੇ ਦੁਖਦੇ ਮੈਨੂੰ ਗੱਦੀ ਵਾਲੀ ਕੁਰਸੀ ਚਾਹੀਦੀ। ਮੈਂ ਲਤਾਂ ਨਹੀ ਲਮਕਾ ਕੇ ਬੈਠ ਸਕਦਾ ਮੈਨੂੰ ਸੋਫਾ ਚਾਹੀਦਾ। ਯਾਣੀਂ ਇਹ ਸਭ ਮੈਂ ਕਹਿ ਸਕਦਾਂ। ਜਦ ਅੰਦਰ ਅਦਬ ਰਿਹਾ ਹੀ ਨਾ ਤਾਂ ਕੁਝ ਵੀ ਫੂਚਰ ਡਾਹੀ ਜਾ ਸਕਦੀ ਪਰ ਮੈਂ ਕਹਿੰਨਾ ਮੇਰੀ ਲਾਸ਼ ਖੂਣੋਂ ਥੁੜਿਆ ਹੀ ਕੀ ਸੀ ਗੁਰੂ ਘਰ ਦਾ ਮੈਨੂੰ ਸਿਧਾ ਮੜੀਆਂ ਵਿਚ ਹੀ ਕਿਓਂ ਨਾ ਸੁਟ ਆਓ ਜਬ ਨਿਬੜੇ ਵਿਚੋਂ।

ਤੁਸੀਂ ਕਹਿ ਸਕਦੇਂ ਕਿ ਜਿਹੜੇ ਬਾਕੀ ਬੇਅਦਬ? ਮੈਂ ਕਹਿੰਨਾ ਜੋਰ ਚਲਦਾ ਤਾਂ ਓਹ ਵੀ ਸੁਟ ਆਓ। ਸੁਣਾਇਆ ਤਾਂ ਮੈਨੂੰ ਚਰਖੜੀਆਂ ਤੇ ਚੜਨਾ ਜਾ ਰਿਹਾ ਹੁੰਦਾ, ਗਲ ਤਾਂ ਮੈਨੂੰ ਆਰਿਆਂ ਹੇਠ ਸਿਰ ਦੇਣ ਵਾਲਿਆਂ ਦੀ ਦਸੀ ਜਾ ਰਹੀ ਹੁੰਦੀ ਹੈ ਪਰ ਦਸਣ ਵਾਲਾ ਹੀ ਅਜ ਦਸ ਰਿਹਾ ਕਿ ਜੀ ਇਸ ਦੇ ਗੋਡੇ ਦੁਖਦੇ ਇਸ ਨੂੰ ਕੁਰਸੀ ਦਿਓ। ਮੈਂ ਕੁਝ ਪਲ ਜੇ ਇਨਾ ਹੀ ਸੈਕਰੀਫਾਈ ਨਹੀ ਕਰ ਸਕਦਾ ਕਿ ਗੁਰਾਂ ਦੇ ਅਦਬ ਵਜੋਂ ਥੋੜਾ ਔਖਾ ਹੋ ਕੇ ਹੇਠਾਂ ਬੈਠ ਲਾਂ ਤਾਂ ਰਹਿਣ ਦਿਆਂ।

ਘਰੇ ਸੋਫੇ ਤੇ ਠੀਕ ਹਾਂ। ਐਵੇਂ ਨਾ ਝਖਾਂ ਤੇ ਉਤਰ ਆਇਓ ਕਿ ਬਾਬਿਆਂ ਦੇ ਗੱਦੇ। ਬਾਬਿਆਂ ਦੀਆਂ ਗਦੀਆਂ ਜਾਂ ਗਦੇ ਮੇਰੀ ਕੁਰਸੀ ਨੂੰ ਜਸਟੀਫਾਈ ਨਹੀ ਕਰਦੀਆਂ। ਓਨਾ ਮਸੰਦਾਂ ਵੰਨੀ ਵੀ ਹੋਣਾ ਚਾਹੀਦਾ ਕਿਓਂ ਨਹੀ ਹੋਣਾ ਚਾਹੀਦਾ ਅਤੇ ਸਭ ਨੂੰ ਰਲਕੇ ਹੋਣਾ ਚਾਹੀਦਾ ਪਰ ਜਸਟੀਫਾਈ ਨਹੀ ਕਰਨਾ ਬਣਦਾ ਕਿ ਜੇ ਓਨਾ ਦੀਆਂ ਨਹੀ ਚੁਕਾਈਆਂ ਤਾਂ ਮੇਰੀਆਂ ਸਹੀ ਨੇ। ਸਭ ਤੁਰਨ ਤਾਕਤਵਰ ਹੋ ਕੇ ਅਤੇ ਜੇ ਤੁਰ ਪਏ ਤਾਂ ਗਦੀਆਂ ਵਾਲੇ ਮਸੰਦ ਤਾਂ ਇਓਂ ਨਹੀ ਲਭਣੇ ਜਿਵੇਂ ਗਧੇ ਦੇ ਸਿਰ ਤੋਂ ਸਿੰਗ।

**–ਗੁਰਦੇਵ ਸਿੰਘ ਸੱਧੇਵਾਲੀਆ**

# ਬ੍ਰਹਮਪੁਰਾ ਦਾ ਦੇਹਾਂਤ

ਗੋਇੰਦਵਾਲ ਸਾਹਿਬ:ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੰਤਰੀ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦਾ ਮੰਗਲਵਾਰ ਦੇਹਾਂਤ ਹੋ ਗਿਆ।

ਉਹ 85 ਸਾਲ ਦੇ ਸਨ। ਉਨ੍ਹਾਂ ਨੂੰ ਕੁਝ ਦਿਨ ਪਹਿਲਾਂ ਪਾਰਟੀ ਨੇ ਸਰਪ੍ਰਸਤ ਬਣਾਇਆ ਸੀ। ਬ੍ਰਹਮਪੁਰਾ ਤਿੰਨ ਦਿਨ ਤੋਂ ਚੰਡੀਗੜ੍ਹ ਪੀ ਜੀ ਆਈ 'ਚ ਜ਼ੇਰੇ ਇਲਾਜ ਸਨ।

(ਸਫਾ ਬੀ18 ਦੀ ਬਾਕੀ)

ਹੋਇਆਂ, ਹਜ਼ਾਰਾਂ ਸੰਗਤਾਂ ਸਮੇਤ 1 ਵੈਸਾਖ 1756 ਬਿਕ੍ਰਮੀ ਨੂੰ ਗੁਰੂ ਸਾਹਿਬ ਜੀ ਤੋਂ ਭਾਈ ਸੰਗਤੇ ਨੇ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਸੰਗਤੇ ਤੋਂ ਭਾਈ ਸੰਗਤ ਸਿੰਘ ਬਣੇ, ਜਿਨ੍ਹਾਂ ਵਿਚ ਆਪ ਦੇ ਚਾਚੇ ਭਾਈ ਜੋਧਾ ਜੀ ਅਤੇ ਪਿਤਾ ਭਾਈ ਰਣੀਆ ਜੀ, ਆਪ ਦੇ ਸਾਥੀ ਭਾਈ ਮਦਨ ਸਿੰਘ, ਭਾਈ ਕਾਠਾ, ਭਾਈ ਰਾਮ ਸਿੰਘ ਅਤੇ ਬੀਬੀਆਂ ਵਿਚ ਬੀਬੀ ਦੀਪ ਕੌਰ ਸ਼ਾਮਲ ਸਨ, ਬੀਬੀ ਦੀਪ ਕੌਰ ਉਹ ਬਹਾਦਰ ਸਿੰਘਣੀ ਸੀ ਜਿਸ ਨੇ ਮੁਗ਼ਲਾਂ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਗੁਰੂ ਸਾਹਿਬ ਦੀ ਬਹਾਦਰ ਅਤੇ ਪਿਆਰੀ ਪੁੱਤਰੀ ਹੋਣ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

ਚਮਕੌਰ ਦੀ ਜੰਗ ਤੋਂ ਪਹਿਲਾਂ ਬਾਬਾ ਸੰਗਤ ਸਿੰਘ ਨੇ ਬਸੀ ਕਲਾਂ ਤੋਂ ਸਾਹਿਬਜ਼ਾਦਾ ਅਜੀਤ ਸਿੰਘ ਨਾਲ ਪੰਡਤਾਣੀ ਛੁਡਾਉਣ, ਭੰਗਾਣੀ ਦਾ ਯੁੱਧ, ਅਗੰਮਪੁਰੇ ਦੀ ਲੜਾਈ, ਸਰਸਾ ਦੀ ਜੰਗ ਵਿਚ ਵੀ ਸੂਰਬੀਰਤਾ ਦਾ ਸਬੂਤ ਦਿੱਤਾ ਸੀ ਅਤੇ ਫਿਰ ਗੁਰੂ ਸਾਹਿਬ ਜੀ ਦੇ ਆਦੇਸ਼ਾਂ ਅਨੁਸਾਰ ਮਾਲਵੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਸੀ ਜਿਸ ਕਰਕੇ ਗੁਰੂ ਸਾਹਿਬ ਜੀ ਨੂੰ ਬਾਬਾ ਸੰਗਤ ਸਿੰਘ ਦੀ ਵਫਾਦਾਰੀ ਅਤੇ ਸੂਰਬੀਰਤਾ 'ਤੇ ਪੂਰਨ ਵਿਸ਼ਵਾਸ ਸੀ, ਫਲਸਰੂਪ ਭਾਈ ਸੰਗਤ ਸਿੰਘ ਤਿਆਰ-ਬਰ-ਤਿਆਰ ਪੂਰਨ ਖਾਲਸਾ ਸਨ ਜਿਸ ਕਰਕੇ ਗੁਰੂ ਸਾਹਿਬ ਦੀ ਚੋਣ ਰੂਪੀ ਬਖਸ਼ਿਸ਼ ਸੰਗਤ ਸਿੰਘ ਦੀ ਝੋਲੀ ਪਈ। 9 ਪੋਹ 1761 ਬਿਕ੍ਰਮੀ ਦੀ ਸਵੇਰ ਨੂੰ ਜਦੋਂ ਮੁਗ਼ਲ ਫੌਜਾਂ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾਇਆ ਤਾਂ ਬਾਬਾ ਸੰਗਤ ਸਿੰਘ ਜੀ ਦੁਆਰਾ ਪਹਿਨੀ ਹੋਈ ਗੁਰੂ ਸਾਹਿਬ ਜੀ ਵਾਲੀ ਪੌਸ਼ਾਕ ਅਤੇ ਕਲਗੀ ਨੇ ਬਾਰ-ਬਾਰ ਮੁਗ਼ਲਾਂ ਨੂੰ ਗੁਰੂ ਸਾਹਿਬ ਜੀ ਦਾ ਭੁਲੇਖਾ ਪਾਇਆ। ਬਾਬਾ ਸੰਗਤ ਸਿੰਘ ਨੂੰ ਮੁਗ਼ਲ ਫੌਜਾਂ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮਝ ਕੇ ਤੀਰਾਂ ਦੀ ਬੁਛਾੜ ਕਰਦੀਆਂ ਰਹੀਆਂ। ਉਧਰ ਬਾਬਾ ਜੀ ਨੇ ਡਟ ਕੇ ਮੁਗ਼ਲਾਂ ਦਾ ਮੁਕਾਬਲਾ ਕੀਤਾ ਅਤੇ ਕ੍ਰਿਪਾਨ, ਤੀਰਾਂ ਅਤੇ ਨੇਜ਼ਿਆਂ ਦੀ ਵਰਤੋਂ ਕਰ ਕੇ ਮੁਗ਼ਲਾਂ ਦੇ ਆਹੂ ਲਾਹ ਛੱਡੇ। ਜ਼ਖ਼ਮੀ ਹੋਏ ਵੀ ਬਾਬਾ ਸੰਗਤ ਸਿੰਘ ਅੰਤ ਸਮੇਂ ਤਕ ਗੁਰੂ ਫਤਹਿ ਦੇ ਜੈਕਾਰੇ ਗਜਾਉਂਦੇ ਰਹੇ ਅਤੇ ਗੁਰੂ ਸਾਹਿਬ ਦੁਆਰਾ ਦਿੱਤੇ ਹੁਕਮਾਂ 'ਤੇ ਇੰਨ-ਬਿੰਨ ਪੂਰੇ ਉਤਰੇ। ਜ਼ਾਲਮਾਂ ਵਿਰੁੱਧ ਯੁੱਧ ਲਈ ਗੁਰੂ ਸਾਹਿਬ ਜੀ ਦੇ ਫਲਸਫੇ 'ਤੇ ਚਲਦਿਆਂ ਹੋਇਆਂ ਦੁਸ਼ਮਣਾਂ ਨਾਲ ਚਮਕੌਰ ਦੀ ਅਦੁੱਤੀ ਜੰਗ ਲੜ ਕੇ ਗੁਰੂ-ਆਸ਼ੇ ਨੂੰ ਸਰਅੰਜਾਮ ਦੇ ਕੇ ਅੰਤ 9 ਪੋਹ 1761 ਬਿਕ੍ਰਮੀ ਨੂੰ ਸ਼ਹਾਦਤ ਦਾ ਜਾਮ ਪੀ ਗਏ।






# ਕਾਵਿ ਕਿਆਰੀ

## .ਗ਼ਜ਼ਲ

ਤੇਰੇ ਲਈ ਦਰਿਆ ਹੈ ਰਾਵੀ,
ਮੇਰੇ ਲਈ ਇਹ ਦੇਸ ਵੀਰਿਆ।
ਧਰਮੀ ਬਾਬਲ, ਮਾਂ ਹੈ ਰਾਵੀ,
ਇਸ ਓਹਲੇ ਪਰਦੇਸ ਵੀਰਿਆ।
ਤੂੰ ਕੀ ਜਾਣੇਂ ਡੇਹਰੇ* ਜਾ ਕੇ,
ਕੀ ਕੁਝ ਟੁੱਟਦਾ ਮੇਰੇ ਅੰਦਰੋਂ,
ਪੂਰਾ ਪੱਥਰ ਹੋਇਆ ਨਹੀਂ ਮੈਂ,
ਹਾਲੇ ਅੰਦਰ ਲੇਸ ਵੀਰਿਆ।
ਪੰਜ ਸਦੀਆਂ ਜੋ ਪਹਿਲਾਂ ਬੀਜਿਆ,
ਗੁਰ ਮੇਰੇ ਰਾਵੀ ਦੇ ਕੰਢੇ,
ਫ਼ਸਲ ਨਿਖ਼ਸਮੀ ਵਾਂਗੂੰ ਹੁਣ ਤਾਂ,
ਸੁੱਕ ਰਿਹਾ ਉਪਦੇਸ ਵੀਰਿਆ।
ਵਗਦਾ ਪਾਣੀ, ਅੱਖ ਦੇ ਅੱਥਰੂ,
ਆਪੋ ਆਪਣੀ ਪੀੜ ਸੁਣਾਉਂਦੇ,
ਬਿਰਖ਼ ਉਦਾਸ, ਹਵਾਵਾਂ ਸੋਗੀ,
ਦਿਲ ਤੇ ਡੂੰਘੀ ਠੇਸ ਵੀਰਿਆ।
ਕਿੰਜ ਵਿਸਾਰਾਂ ਗੁੜ੍ਹਤੀ ਵਾਂਗੂੰ,
ਮਿਲੀਆਂ ਯਾਦਾਂ ਤੇ ਖ਼ੁਸ਼ਬੋਆਂ,
ਮੈਂ ਤਾਂ ਮਾਂ ਦਾ ਬੁੰਬਲਾਂ ਵਾਲਾ,
ਸਾਂਭ ਕੇ ਰੱਖਿਆ ਖੇਸ ਵੀਰਿਆ।
ਸੱਤਰ ਸਾਲ ਖ਼ਰਚ ਕੇ ਹਾਲੇ,
ਮਲ੍ਹਮ ਵਲਾਇਤੀ ਵਰਤ ਰਹੇ ਹਾਂ,
ਸੂਰਮਿਆਂ ਦੇ ਖ਼੍ਵਾਬ ਦੀ ਰਲ ਮਿਲ,
ਕੀਤੀ ਪੱਟੀ ਮੇਸ ਵੀਰਿਆ।
ਰਾਵੀ ਕੰਢੇ ਹਾਲੇ ਤੱਕ ਵੀ
ਆਲਮ* ਯਮਲਾ* ਮਿਲ ਕੇ ਬਣਦੇ,
ਬੇਵਤਨਾਂ, ਬੇਜਿਸਮਾਂ ਖ਼ਾਤਰ,
ਸੁਰ ਦਾ ਰੰਗਲਾ ਵੇਸ ਵੀਰਿਆ।

**– ਗੁਰਭਜਨ ਸਿੰਘ ਗਿੱਲ**

## ਬੋਲੀਏ ਪੰਜਾਬੀਏ...!!

ਬੋਲੀਏ ਪੰਜਾਬੀਏ ਨੀ! ਰੰਗ ਦੀ ਗੁਲਾਬੀਏ ਨੀ !
ਡੱਬੀਏ ਮਤਾਬੀਏ ਨੀ! ਦਿਲ ਦੇ ਤੂੰ ਕੋਲ਼ ਕੋਲ਼ ਵੱਸਦੀ
ਤਾਹੀਓਂ ਤੇਰੀ ਖਿੱਚ ਸਾਨੂੰ ਖਿੱਚਦੀ
ਖਿੱਚਦੀ ਏ ਖਿੱਚਾਂ ਪਾਕੇ ਕਈਆਂ ਛੱਡੀ ਵਿੱਥਾਂ ਪਾਕੇ
ਵਿੱਥਾਂ ਪਰ ਰਲ਼-ਮਿਲ ਮੇਟੀਏ
ਤੇਰੇ ਬਾਝੋਂ ਝੰਗ ਤੇ ਸਿਆਲ ਪਏ ਖ਼ਾਲੀ ਹੀ ਜਾਣੀ
ਚੂਚਕੇ ਦੀ ਬੇਟੀਏ ਸਲੇਟੀਏ
ਸਾਗਰਾਂ ਸਮੁੰਦਰਾਂ ਨੂੰ ਗਾਹਕੇ ਮੈਂ ਦੇਖਿਆ
ਤੇਹ ਨਾ ਸਾਡੀ ਬਾਹਰੋਂ ਮਾਏ ਮਿਟਦੀ
ਲੈਣਾ ਕੀ ਐ ਖਾਰਿਆਂ ਤੇ ਸੋਢਿਆਂ ਦੇ ਕੋਲ਼ੋਂ ਅਸਾਂ
ਔਲੂ ਵਾਲ਼ੇ ਪਾਣੀ ਦੀ ਮਿਠਾਸ ਸਾਨੂੰ ਖਿੱਚਦੀ
ਬੁੱਲ੍ਹੇ ਵਾਰਸਾਂ ਦੇ ਬਿਨ ਦਿਲ ਨੂੰ ਨਾ ਪੋਂਹਦਾ ਸਾਨੂੰ
ਗੁਰੂ ਨਾਨਕ ਦੀ ਬਾਣੀ ਬਿਨ ਹਰ ਕੋਈ ਕੋਂਹਦਾ ਸਾਨੂੰ
ਬੋਲੀ ਸਾਡੇ ਹੋਰ ਨਾ ਕੋਈ ਲੋਟ ਦੀ
ਸੱਜਰੀ ਸੰਵਾਰੀ ਮਾਂ-ਬੋਲੀ ਸਾਨੂੰ ਸੋਹਣੀ ਲੱਗੇ
ਇਹਦੇ ਵਿੱਚ ਲੱਗੇ ਨਾ ਕੋਈ ਖੋਟ ਵੀ
ਬੋਲੀਏ ਪੰਜਾਬੀਏ ਨੀ ! ਰੰਗਦੀ ਗੁਲਾਬੀਏ ਨੀ !
ਤੇਰੀ ਸਾਡੀ ਸਾਂਝ ਨਹੀਓਂ ਟੁੱਟਣੀ
ਅੰਮਾਂ ਨਾਲੋਂ ਹੇਜਲੀ ਜੇ
ਬਣ ਕੋਈ ਬੈਠੇ ਉਹਨੂੰ
ਆਖਦੇ ਨੇ ਸੋਈ ਫੱਫੇ
ਕੁੱਟਣੀ
ਤੇਰੀ ਨਿੱਘੀ ਗੋਦ ਦਾ
ਅਨੰਦ ਅਸੀਂ ਮਾਣੀਏ
ਤੇਰੇ ਪਾਟੇ ਸਾਲੂ ਨੂੰ ਜੇ
ਗੰਢੀਏ ਤੇ ਤੁਪੀਏ
ਤਾਹੀਓਂ ਤੇਰੇ ਬੋਲਾਂ ਵਿੱਚ
ਹੱਸੀਏ ਨੱਚੀਏ ..!!



**ਸੁਰਿੰਦਰਪਾਲ ਕੌਰ,**
**ਧਨੌਲਾ (ਬਰਨਾ਼ਲਾ)।**

## ਕਦੇ ਇੱਕ ਨਾ ਹੁੰਦੇ

ਕਦੇ ਇੱਕ ਨਾ ਹੁੰਦੇ ਦੋਵੇਂ ਕਿਨਾਰੇ
ਇਹ ਪਾਣੀ ਛਲਾਵਾ ਹੈ ਦੋਹਾਂ ਵਿਚਾਲੇ
ਜ਼ਰਾ ਤਪਸ਼ ਲੱਗੀ ਕਿ ਉੱਡ ਪੁੱਡ ਗਏ ਨੇ
ਭਰੋਸਾ ਸੀ ਦਿੰਦੇ ਬਣਾਂਗੇ ਸਹਾਰੇ
ਸਦੀਆਂ ਤੋਂ ਮੇਰੇ ਸਫ਼ਰ ਦਾ ਧੁਰਾ ਤੂੰ
ਹੈ ਘੁੰਮਦੀ ਜਿਓਂ ਧਰਤੀ ਸੂਰਜ ਦੁਆਲੇ।
ਰਗਾਂ ਵਿੱਚ ਬਣ ਕੇ ਲਹੂ ਲਹਿ ਗਿਆ ਓਹ
ਲਹੂ ਤੋਂ ਬਿਨਾਂ ਕਦ ਹੋਏ ਨੇ ਗੁਜ਼ਾਰੇ।
ਫਿਰ ਅੰਬਰ ਦੀ ਅੱਖ ਵਿੱਚ ਰੜਕੀ ਹੈ ਲਾਲੀ
ਹਵਾਵਾਂ ਨੇ ਜਦ ਕੀਤੇ ਗੁੱਝੇ ਇਸ਼ਾਰੇ।
ਅਜਿਹੇ ਓਹ ਰੁੱਸੇ ਕਿ ਰੁੱਸਿਆ ਜ਼ਮਾਨਾ
ਨਜ਼ਰ ਓਹਦੀ ਬਦਲੀ ਤੇ ਬਦਲੇ ਨਜ਼ਾਰੇ।
ਇਹ ਗਹਿਰਾ ਸਮੁੰਦਰ ਸੁਣੀਂਦਾ ਹੈ ਖ਼ਾਰਾ
ਹੈ ਬੁੱਝਦੀ ਤ੍ਰਿਖਾ ਯਾਰ ਗਾਗਰ ਸਹਾਰੇ।

**ਸਰਿਤਾ ਤੇਜੀ**

## .ਗ਼ਜ਼ਲ

**ਜਗਤਾਰ ਪੱਖੋ**

ਬੁੱਲ੍ਹਾਂ ਨੇ ਹੜਤਾਲ ਕਰੀ ਹੈ, ਕੀ ਬੋਲਾਂ?
ਖ਼ੁਦ ਨੇ ਖ਼ੁਦ ਦੇ ਨਾਲ ਕਰੀ ਹੈ, ਕੀ ਬੋਲਾਂ?
ਕੱਲ੍ਹ ਅਚਾਨਕ ਮਿਲਿਆ ਦਿਲ ਦੀ ਕੁੰਦਰ ਚੋਂ
ਜਿਸ ਦੀ ਥਾਂ ਥਾਂ ਭਾਲ ਕਰੀ ਹੈ ਕੀ ਬੋਲਾਂ?
ਖ਼ੌਰੇ ਉਸ ਦੀ ਕੀ ਮਜਬੂਰੀ ਹੋਵੇਗੀ,
ਮਹਿਰਮ ਨੇ ਜੋ ਚਾਲ ਕਰੀ ਹੈ, ਕੀ ਬੋਲਾਂ?
ਕਿੰਨਾ ਕੁ ਉਹ ਬਚਿਆ ਮੇਰੇ ਅੰਦਰ ਹੁਣ,
ਰਾਤੀਂ ਬਹਿ ਪੜਤਾਲ ਕਰੀ ਹੈ, ਕੀ ਬੋਲਾਂ?
ਅਕਸਰ ਬਾਗਾਂ ਦੇ ਵਿਚ ਪਤਝੜ ਆਉਂਦੀ ਏ,
ਕੁਦਰਤ ਰਮਜ਼ ਕਮਾਲ ਕਰੀ ਹੈ ਕੀ ਬੋਲਾਂ?

## .ਗ਼ਜ਼ਲ

ਨ੍ਹੇਰ ਪਿੱਛੋਂ ਜਿਸ ਕਿਸੇ ਨੇ ਵੀ ਸਵੇਰਾ ਵੇਖਿਆ।
ਜਾਪਦਾ ਹੈ ਉਸ ਯਕੀਨਨ ਮੁੱਖ ਤੇਰਾ ਵੇਖਿਆ।
ਇੰਝ ਲੱਗਾ ਕਿ ਸੁਨੇਹਾ ਇਹ ਤੇਰੇ ਹੀ ਆਉਣ ਦਾ
ਨਾ਼ਲ ਕਾਵਾਂ ਮੈਂ ਜਦੋਂ ਭਰਿਆ ਬਨੇਰਾ ਵੇਖਿਆ।
ਸੋਚਦਾ ਹਾਂ ਹੱਕ ਉਸਦਾ ਖੋਹ ਲਿਆ ਮੈਂ ਕਿਉਂ ਭਲਾ
ਦੁੱਧ ਪਿੱਛੇ ਵਿਲਕਦਾ ਜਦ ਇਕ ਬਛੇਰਾ ਵੇਖਿਆ।
ਹੈ ਬੜਾ ਮਜਬੂਰ ਉਹ ਵੀ ਜਾਪਿਆ ਸੀ ਪੇਟ ਲਈ
ਮੱਛੀਆਂ ਤੇ ਜਾ਼ਲ ਪਾਉਂਦਾ ਜਦ ਮਛੇਰਾ ਦੇਖਿਆ।
ਜੁਗਨੂੰਆਂ ਦੇ ਨਾਲ ਇੱਕ ਦਿਨ ਹੋ ਗਏ ਸੀ ਟਾਕਰੇ
ਰੌਸ਼ਨੀ ਤੋਂ ਡਰਿਆ ਡਰਿਆ ਮੈਂ ਹਨੇਰਾ ਦੇਖਿਆ।
ਜਿਸ ਨੂੰ ਖ਼ੁਦ ਨੂੰ ਰਸਤੇ ਬਾਰੇ ਕੁਝ ਵੀ ਨਹੀਓਂ ਸੀ ਪਤਾ
ਇੱਕ ਐਸਾ ਨਾਮ ਦਾ ਮੈਂ ਰਾਹ ਦਸੇਰਾ ਦੇਖਿਆ।
ਬਿਨ ਵਜ੍ਹਾ ਤਕਲੀਫ਼ ਵਿਚ ਜੋ ਦੇਖ ਕੇ ਮੈਨੂੰ ਸੁਖੀ
ਉਹ ਕੀ ਜਾਨਣ ਦੁੱਖ ਮੈਂ ਵੀ ਤਾਂ ਬਥੇਰਾ ਦੇਖਿਆ।
ਸੋਚ ਨਾਨਕ ਦੀ ਦੇ ਉੱਤੇ ਕੌਣ ਪਹਿਰਾ ਦੇ ਰਿਹਾ
ਪੁੱਛਿਆ ਮੈਂ ਖ਼ੁਦ ਨੂੰ ਇਹ ਸਭ ਜਦ ਚੁਫ਼ੇਰਾ ਦੇਖਿਆ।

## ਰਾਹਦਸੇਰੇ

ਅਮਰਪ੍ਰੀਤ ਸਿੰਘ ਝੀਤਾ

ਦੀਵੇ ਦੀ ਬੱਤੀ ਦੇ ਵਾਂਗਰ, ਖ਼ੁਦ ਬਲ ਕਰਦੇ ਦੂਰ ਹਨੇਰੇ।
ਭਵਿੱਖ ਵਤਨ ਦਾ ਰੌਸ਼ਨ ਕਰਦੇ, ਸਾਡੇ ਨੇ ਇਹ ਰਾਹ ਦਸੇਰੇ।
ਬਾਲ ਤੱਕਦੇ ਰਾਹ ਨੇ ਰਹਿੰਦੇ, ਆ ਕੇ ਨਿੱਤ ਸਕੂਲ ਸਵੇਰੇ।
ਬਾਲਾਂ ਦੇ ਮਨ ਖਿੜ ਜਾਂਦੇ ਨੇ, ਜਦ ਮਿਲਦੇ ਨੂਰਾਨੀ ਚਿਹਰੇ।
ਫਿਰ ਮਜ਼ਮੂਨ ਵੀ ਲੱਗਣ ਸੌਖੇ, ਪੜ੍ਹਾਏ ਇਨ੍ਹਾਂ ਹੁੰਦੇ ਜਿਹੜੇ।
ਸਬਕ ਇਨ੍ਹਾਂ ਤੋਂ ਜੋ ਸਿੱਖ ਜਾਂਦਾ, ਲੁੱਟਦਾ ਮੌਜਾਂ ਖ਼ੁਸ਼ੀਆਂ ਖੇੜੇ।
ਕੋਈ ਮੁਸ਼ਕਿਲ ਨਾ ਹੋਵੇ ਭਾਰੂ, ਭਾਵੇਂ ਪੰਧ 'ਚ ਹੋਣ ਅੰਧੇਰੇ।
ਖ਼ੁਦ ਬਲ ਹੋਰਾਂ ਨੂੰ ਜਗਾਉਂਦੇ, ਰੌਸ਼ਨ ਕਰਦੇ ਸਭ ਦੇ ਵਿਹੜੇ।
ਗੁਰੂ ਬਰਾਬਰ ਨਾ ਕੋਈ ਹੋਵੇ, ਨਾ ਕੋਈ ਹੋਣਾ ਨੇੜੇ-ਤੇੜੇ।
ਸਬਰ, ਸੰਤੋਖ ਅਤੇ ਸਚਾਈ, ਗੁਣ ਮੈਂ ਦੱਸਾਂ ਕਿਹੜੇ ਕਿਹੜੇ?
ਕੌਮ ਨਿਰਮਾਤਾ ਬਣਨਾ ਔਖਾ, ਭਾਵੇਂ ਜੱਗ 'ਚ ਕੰਮ ਬਥੇਰੇ।
'ਅਮਰਪ੍ਰੀਤ' ਇਹ ਪਾ ਜਾਂਦੇ ਨੇ, ਕਿੱਤੇ ਦੇ ਸੰਗ ਲੈ ਕੇ ਫੇਰੇ।


ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ

**ਪੰਜਾਬ ਸਵੀਟ ਹਾਊਸ**

ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ-ਗਰਮ ਜਲੇਬੀਆਂ ਅਤੇ ਭਾਂਤ-ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।

ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।

WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE



ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ

*2 Locations to Serve you*

#4-12818-72 Ave.,
Surrey, BC
**604-591-7611**

#8A-31205 Old Yale Rd.,
Abbotsford, BC
**604-504-1761**



ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



**ਫੈਮਲੀ ਲਾਅ**
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

**ਇਮੀਗ੍ਰੇਸ਼ਨ ਲਾਅ**
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

**ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ**
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

**ਇੰਪਲਾਇਮੈਂਟ ਲਾਅ**
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ 'ਤੇ ਲੱਗੀ ਸੱਟ
- ਕੰਮ ਦੇ ਸਥਾਨ 'ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ 'ਤੇ ਸਮਾਗਮਾਂ ਦੇ ਕਲੇਮ

**ਕਾਰਪੋਰੇਟ ਅਤੇ ਬਿਜ਼ਨਸ ਲਾਅ**
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

**ਨੋਟਰੀ ਸੇਵਾਵਾਂ**
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

**ਸਾਡੀ ਚੋਣ ਕਰਨ ਦੇ ਫਾਇਦੇ**
- ਘੱਟ ਕੀਮਤ 'ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

**ਚਰਨਜੀਤ ਕੌਰ ਰੈਨਾ**

**ਵਕੀਲ ਅਤੇ ਨੋਟਰੀ ਪਬਲਿਕ**

**778 835 8455**


#201-13049 76th Avenue, Surrey BC V3W2V7
www.rainalaw.com Email : craina@rainalaw.com

# Home Improvement

## TOOR LANDSCAPING & FENCE

RESIDENTIAL & COMMERCIAL

• ਅਸੀਂ ਨਵੇਂ ਅਤੇ ਪੁਰਾਣੇ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
• 2X3 ਦਾ ਫਰੇਮ ਸੋਲਿਡ $240 ਦਾ ਪੈਨਲ
• ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
• ਕੰਮ ਦੀ ਪੂਰੀ ਪੂਰੀ ਗਰੰਟੀ ਹੈ।
• ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ | ਅਸੀਂ ਲੋਹੇ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ

ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

**604-729-3225**

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

## iFix WALL & CEILING LTD.

• TAPPING & FINISHING
• TEXTURED CEILINGS
• KITCHEN-BATHROOM
• BOARDING
• STEEL STUD
• PAINTING-PLUMBING

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੇਂਟਿੰਗ, ਪਲਬਿੰਗ, ਕਿਚਨ, ਵਾਸ਼ ਰੂਮ ਅਤੇ ਇਲੇਕਟ੍ਰੀਕਲ ਰਿਪੇਅਰ ਆਦਿ ਦੇ ਕੰਮਾਂ ਵਿਚ ਮਾਹਿਰ।

ਟੇਪਰਾਂ ਦੀ ਤੁਰੰਤ ਲੋੜ ਹੈ

ਪੂਰੇ ਲੋਅਰ ਮੇਨਲੈਂਡ ਵਿਚ ਸਰਵਿਸ ਕਰਦੇ ਹਾਂ

FOR BEST DEAL CALL : HARINDER SINGH DHALIWAL

**604.760.1732, 604.442.1571**

## ਸੰਦਲ ਰੈਨੋਵੇਸ਼ਨ

Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

**ਭਿੰਦਰ: 604-725-6270**

## HIGH STAR HOME RENOVATION

ਅਸੀਂ ਰੈਨੋਵੇਸ਼ਨ ਦਾ ਹਰ ਛੋਟਾ ਵੱਡਾ ਕੰਮ ਬਹੁਤ ਹੀ ਵਾਜਬ ਰੇਟ ਉਪਰ ਕਰਦੇ ਹਾਂ।ਨਵੇਂ ਘਰ ਦੀ ਉਸਾਰੀ ਦੀ ਮੁਕੰਮਲ ਦੇਖਭਾਲ ਵੀ ਕਰਦੇ ਹਾਂ ਅਤੇ ਬੇਸਮੈਂਟ ਵੀ ਬਣਾਉਂਦੇ ਹਾਂ।ਅਸੀਂ ਕਸਟਮਮੇਡ ਘਰ ਵੀ ਬਣਾ ਕੇ ਦਿੰਦੇ ਹਾਂ।



Free Estimate ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

**Jagveer: 236-515-4532**


## DAWN RENOVATION

Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

Certified Electrician, Builder, Construction & Development

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ* ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

**604-716-3534 / 778-881-0236**

daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

## ਲੱਖੀ ਰੈਨੋਵੇਸ਼ਨ

• ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
• ਬੇਸਮੈਂਟ ਦੀ ਰੈਨੋਵੇਸ਼ਨ
• ਡੋਰ ਐਂਡ ਮੋਲਡਿੰਗ
• ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
• ਫਲੋਰ ਅਤੇ ਵਾਲ ਟਾਈਲਜ਼
• ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
• ਘਰ ਨੂੰ ਵਧਾਉਣਾ
• ਪੇਂਟਿੰਗ
• ਕਾਰਪੇਂਟਰੀ
• ਪੌੜੀਆਂ
• ਫਿਨਸ਼ਿੰਗ
• ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :

ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

**ਲੱਖਵਿੰਦਰ ਸੈਂਹਬੀ : 604-621-0206**

lakhwindersembhi@yahoo.ca

## BT LINE PAINTING CO.

ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ

ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

**Cell: 604-340-7497 Res: 604-543-8064**

## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:

Residential & Commercial Renovations

• Doors
• Mouldings
• Fire Place
• Base Board
• Hardy Plank
• Wood Floor




**Sanjeev Dhir 778.320.9413**

sanjeevkumarsk52@gmail.com

# HOME IMPROVEMENT

## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

**Off: 604-543-6239**

#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

**Cell: 604-351-2538**
**Tel:604-596-5474**

CLASS "A" CERTIFIED & LICENCED ELECTRICIANS



MANJIT

## SINGH RAJ

RENOVATION CO.



We noticed your house needs minor repair
Unsure ofyourhousehold fixtures?
Just to replace or repair? **Get it Done Today!**

We guaranteed Singh Raj Renovation is the smartest choice for household small jobs

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

**Call Raj: 778-229-9261**

## Ambrosia Renovation


Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

**Sunny : 778-951-1699**

## J&J FRESH LOOK HOMES LTD.

BUILDING
YOUR DREAM
CREATING REALTY






**We Built Custom Homes**

- New Residential
- Commercial Const.
- Licensed
- Bonded
- Framing
- Roof Trusses
- Floor Trusses
- Other Services

J&J FRAMING LTD
CONSTRUCTION TEAM



WORKERS WANTED
ਕਾਮਿਆਂ ਦੀ ਲੋੜ ਹੈ

Jarnail Singh Maan:
**604.832.9308**
maanjarnail@gmail.com
3412 Nightingale Dr., Abbotsford BC V2T 5W3

## HARI RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical
**Free Estimate**

ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਂਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

**Paul 778-823-1056**

ਕੰਮ ਲਈ ਵਰਕਰਾਂ ਦੀ ਤੁਰੰਤ ਲੋੜ ਹੈ

H0502

# ਉੱਘੇ ਪੱਤਰਕਾਰ ਰਵੀਸ਼ ਕੁਮਾਰ ਦੀ ਕਿਤਾਬ 'ਬੋਲ ਬੰਦਿਆ' ਕੈਨੇਡਾ ਵਿਚ ਲੋਕ ਅਰਪਿਤ ਪੰਜਾਬੀ ਅਨੁਵਾਦ ਕੈਨੇਡਾ ਦੇ ਸਾਊਥ ਏਸ਼ੀਅਨ ਰੀਵੀਊ ਵੱਲੋਂ ਕੀਤਾ ਗਿਆ ਪ੍ਰਕਾਸ਼ਿਤ



**ਵਿਨੀਪੈਗ ਵਿੱਚ ਰਵੀਸ਼ ਕੁਮਾਰ ਦੀ ਕਿਤਾਬ ਬੋਲ ਬੰਦਿਆ ਰਲੀਜ਼ ਕਰਦੇ ਹੋਏ ਕਨਵਲਦੀਪ ਸਿੰਘ ਸੰਧੂ, ਭੁਪਿੰਦਰ ਸਿੰਘ ਮੱਲੀ, ਡਾ. ਗੁਰਵਿੰਦਰ ਸਿੰਘ ਧਾਲੀਵਾਲ, ਨਵਰੂਪ ਸਿੰਘ, ਨਵਨੀਤ ਕੌਰ, ਰਜੀਵ ਕੁਮਾਰ ਅਤੇ ਹੋਰ ਸ਼ਖਸੀਅਤਾਂ**

ਵਿਨੀਪੈਗ:ਸਰਕਾਰੀ ਧੱਕੇਸ਼ਾਹੀ ਖ਼ਿਲਾਫ਼ ਡਟਣ ਵਾਲੇ ਉੱਘੇ ਪੱਤਰਕਾਰ ਰਵੀਸ਼ ਕੁਮਾਰ ਦੀ ਕਿਤਾਬ ਪੰਜਾਬੀ ਵਿਚ ਅਨੁਵਾਦਤ ਕਰਕੇ, ਕੈਨੇਡਾ ਵਿੱਚ ਲੋਕ ਅਰਪਿਤ। ਇਸ ਸਬੰਧੀ ਲੋਕ ਅਰਪਣ ਵਿਨੀਪੈਗ ਵਿਚ ਕੀਤਾ ਗਿਆ ਹੈ।ਮੂਲ ਰੂਪ ਵਿੱਚ ਰਵੀਸ਼ ਕੁਮਾਰ ਦੀ ਅੰਗਰੇਜ਼ੀ ਵਿਚ ਪ੍ਰਕਾਸ਼ਿਤ ਕਿਤਾਬ, ਠਹਣ ਢਰਣਣ ਡ਼ੋਚਿਣ ਦਾ ਪੰਜਾਬੀ ਅਨੁਵਾਦ ਕੈਨੇਡਾ ਦੇ ਸਾਊਥ ਏਸ਼ੀਅਨ ਰੀਵੀਊ ਵੱਲੋਂ ਭੁਪਿੰਦਰ ਸਿੰਘ ਮੱਲ੍ਹੀ ਅਤੇ ਸੁੱਚਾ ਸਿੰਘ ਦੀਪਕ ਰਾਹੀਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਹ ਕਿਤਾਬ ਲੋਕ ਅਰਪਣ ਕਰਦਿਆਂ ਕਨਵਲਦੀਪ ਸਿੰਘ ਸੰਧੂ ਨੇ ਲੇਖਕ ਰਵੀਸ਼ ਕੁਮਾਰ ਅਤੇ ਪ੍ਰਕਾਸ਼ਕ ਸਾਊਥ ਏਸ਼ੀਅਨ ਰੀਵੀਊ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਇਸ ਉਪਰਾਲੇ ਲਈ ਮੁਬਾਰਕਬਾਦ ਪੇਸ਼ ਕੀਤੀ। ਇਸ ਮੌਕੇ ਤੇ ਗੱਲਬਾਤ ਕਰਦਿਆਂ ਭੁਪਿੰਦਰ ਸਿੰਘ ਮੱਲੀ ਨੇ ਕਿਹਾ ਕਿ ਰਵੀਸ਼ ਕੁਮਾਰ ਮੌਜੂਦਾ ਸਮੇਂ ਦਾ ਨਿਧੜਕ ਪੱਤਰਕਾਰ ਹੈ, ਜਿਸ ਨੇ ਸਰਕਾਰੀ ਜਬਰ ਖ਼ਿਲਾਫ਼ ਆਵਾਜ਼ ਬੁਲੰਦ ਕਰਦਿਆਂ, ਮੀਡੀਆ ਉਪਰ ਸਰਕਾਰੀ ਸਰਪ੍ਰਸਤੀ ਵਾਲੇ ਧਨਾਢਾਂ ਦੇ ਕਬਜ਼ੇ ਖ਼ਿਲਾਫ਼ ਮਿਸਾਲ ਕਾਇਮ ਕੀਤੀ ਹੈ। ਉਹਨਾਂ ਆਖਿਆ ਕਿ ਭਾਰਤ ਦੇ ਵੱਡੇ ਸਰਮਾਏਦਾਰ ਅਤੇ ਸਰਕਾਰ ਹਿਤੈਸ਼ੀ, ਸਰਕਾਰ ਨੂੰ ਆਪਣੀਆਂ ਉਂਗਲਾਂ 'ਤੇ ਨਚਾਉਣ ਵਾਲੇ ਗੌਤਮ ਅਡਾਨੀ ਦੇ ਨਿਊ ਦਿੱਲੀ ਟੈਲੀਵਿਜ਼ਨ ਲਿਮਟਿਡ (ਐੱਨਡੀਟੀਵੀ) ਉਪਰ ਕਬਜ਼ਾ ਕਰਨ ਮਗਰੋਂ, ਰਵੀਸ਼ ਕੁਮਾਰ ਵੱਲੋਂ ਅਸਤੀਫਾ ਦੇਣਾ ਦਲੇਰਾਨਾ ਕਦਮ ਹੈ। ਗੋਦੀ ਮੀਡੀਆ ਬਣ ਕੇ ਹਕੂਮਤਾਂ ਦੇ ਗੁਣ ਗਾਉਣ ਅਤੇ ਸੱਚ ਨੂੰ ਦਬਾਉਣ ਲਈ ਪੂੰਜੀਪਤੀਆਂ ਅੱਗੇ ਗੋਡੇ ਟੇਕਣ ਵਾਲੇ ਲੋਕਾਂ ਨੂੰ ਇਹ ਸੁਨੇਹਾ ਵੀ ਹੈ ਕਿ ਉਹੀ ਲੋਕ ਦੁਨੀਆਂ ਲਈ ਰਾਹ- ਦਸੇਰਾ ਬਣਦੇ ਹਨ, ਜੋ ਦੇਸ਼ ਦੇ ਜ਼ਾਲਮ ਆਗੂਆਂ ਦੇ ਰੁਤਬਿਆਂ ਦੀ ਪ੍ਰਵਾਹ ਨਾ ਕਰਦਿਆਂ, ਆਪਣੇ ਫ਼ਰਜ਼ਾਂ ਪ੍ਰਤੀ ਸੁਚੇਤ ਹੁੰਦੇ ਹਨ।

ਕਿਤਾਬ ਦੀ ਭੂਮਿਕਾ ਵਿੱਚ 'ਰਵੀਸ਼ ਕੁਮਾਰ ਦੀ ਸਾਹਿਤਕ ਪੱਤਰਕਾਰੀ' ਬਾਰੇ ਲਿਖਣ ਵਾਲੇ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਪੱਤਰਕਾਰ ਰਵੀਸ਼ ਕੁਮਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ, ਸੋਸ਼ਲ ਮੀਡੀਆ ਤੇ ਗਾਲੀ- ਗਲੋਚ ਹੋਇਆ, ਇੱਥੋਂ ਤੱਕ ਉਨ੍ਹਾਂ ਦੇ ਚੱਲਦੇ ਪ੍ਰੋਗਰਾਮ ਵੀ ਸੈਂਸਰ ਕਰਕੇ ਰੋਕੇ ਜਾਂਦੇ ਰਹੇ, ਪਰ ਰਵੀਸ਼ ਕੁਮਾਰ ਡਟੇ ਰਹੇ। ਉਨ੍ਹਾਂ ਕਿਹਾ ਕਿ ਰਵੀਸ਼ ਕੁਮਾਰ ਵਰਗੇ ਪੱਤਰਕਾਰ ਚਾਹੇ ਗਿਣਤੀ ਵਿੱਚ ਬਹੁਤ ਥੋੜ੍ਹੇ ਹਨ, ਪਰ ਇਹ ਕਥਨ ਸੱਚ ਹੈ ਕਿ ਮਹਾਨ ਵਿਅਕਤੀਆਂ ਦੀ ਭੀੜ ਨਹੀਂ ਹੁੰਦੀ ਤੇ ਭੀੜ ਦੇ ਵਿੱਚ ਮਹਾਨ ਵਿਅਕਤੀ ਨਹੀਂ ਹੁੰਦੇ। ਡਾ. ਗੁਰਵਿੰਦਰ ਸਿੰਘ ਨੇ ਕਿਹਾ ਕਿ ਕੈਨੇਡਾ ਵਿੱਚ ਪੰਜਾਬੀ ਮੀਡੀਆ ਨੂੰ ਰਵੀਸ਼ ਕੁਮਾਰ ਤੋਂ ਸਬਕ ਲੈ ਕੇ, ਸਰਕਾਰੀ ਜਬਰ ਖਿਲਾਫ ਆਵਾਜ਼ ਉਠਾਉਣ ਦੀ ਹਿੰਮਤ ਕਰਨੀ ਚਾਹੀਦੀ ਹੈ। ਇਸ ਮੌਕੇ ਗੱਲਬਾਤ ਕਰਦਿਆਂ ਨਵਰੂਪ ਸਿੰਘ ਨੇ ਕਿਹਾ ਕਿ ਅੱਜ ਰਵੀਸ਼ ਕੁਮਾਰ ਦੇ ਨਕਸ਼ੇ ਕਦਮਾਂ 'ਤੇ ਚੱਲਣ ਵਾਲੇ ਪੱਤਰਕਾਰਾਂ ਦੀ ਲੋੜ ਹੈ ਅਤੇ ਰਵੀਸ਼ ਕੁਮਾਰ ਦੀ ਕਿਤਾਬ 'ਬੋਲ ਬੰਦਿਆ' ਪੰਜਾਬੀ ਵਿਚ ਅਨੁਵਾਦ ਕਰਕੇ ਸਾਊਥ ਏਸ਼ੀਅਨ ਰੀਵੀਊ ਨੇ ਸ਼ਲਾਘਾਯੋਗ ਕਾਰਜ ਕੀਤਾ ਹੈ। ਉਹਨਾਂ ਆਖਿਆ ਕਿ ਲੋਕਤੰਤਰ ਦਾ ਚੌਥਾ ਥੰਮ ਮੀਡੀਆ ਅੱਜ ਜਾਂ ਸਰਕਾਰੀ ਦਮਨ ਜਾਂ ਸਰਕਾਰੀ ਗੁਲਾਮੀ ਦਾ ਸ਼ਿਕਾਰ ਹੈ। ਰਵੀਸ਼ ਕੁਮਾਰ ਵਰਗੇ ਦਲੇਰਾਨਾ ਸੋਚ ਰੱਖਣ ਵਾਲੇ ਵਿਰਲੇ ਹੀ ਪੱਤਰਕਾਰ ਹਨ, ਜੋ ਹਕੂਮਤਾਂ ਦੇ ਜਬਰ ਨੂੰ ਨੰਗਾ ਕਰਨ ਦੀ ਜੁਅਰਤ ਰੱਖਦੇ ਹਨ। ਵਿਨੀਪੈਗ ਤੋਂ ਨਵ- ਸਵੇਰ ਮੀਡੀਆ ਅਦਾਰੇ ਦੀ ਪੱਤਰਕਾਰ ਨਵਨੀਤ ਕੌਰ ਨੇ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਰਵੀਸ਼ ਕੁਮਾਰ ਦੀ ਕਿਤਾਬ ਕੈਨੇਡਾ ਦੇ ਸ਼ਹਿਰ ਵਿਨੀਪੈੱਗ ਵਿੱਚ ਰਲੀਜ਼ ਕੀਤੀ ਗਈ ਹੈ। ਨਵਨੀਤ ਕੌਰ ਨੇ ਕਿਹਾ ਕਿ ਹਕੂਮਤ ਦੇ ਜਬਰ ਅਤੇ ਅਨਿਆਂ ਦੇ ਖਿਲਾਫ ਜ਼ੋਰਦਾਰ ਢੰਗ ਨਾਲ ਆਵਾਜ਼ ਬੁਲੰਦ ਕਰਨ ਵਾਲੇ ਦਲੇਰ ਸਿਰੜੀ ਤੇ ਬੇਬਾਕ ਪੱਤਰਕਾਰ ਰਵੀਸ਼ ਕੁਮਾਰ ਅੰਤਰਰਾਸ਼ਟਰੀ ਪੱਤਰਕਾਰੀ ਦੇ ਖੇਤਰ ਵਿੱਚ ਸਿਰਕੱਢ ਸ਼ਖ਼ਸੀਅਤ ਹੈ।

# ਨੌਜਵਾਨ ਨੂੰ ਨੰਗਾ ਕਰਕੇ ਘੁਮਾਇਆ

ਸਿਰਸਾ:ਮੰਗਲਵਾਰ ਰਾਤ ਨੌਜਵਾਨ ਦੀ ਕੁੱਟਮਾਰ ਕਰਨ ਮਗਰੋਂ ਉਸ ਨੂੰ ਬਾਜ਼ਾਰ 'ਚ ਨੰਗਾ ਘੁਮਾਉਣ ਦੇ ਦੋਸ਼ ਹੇਠ ਪੁਲਸ ਨੇ 7 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਤਿੰਨ ਹੋਰ ਮੁਲਜ਼ਮਾਂ ਦੀ ਪਛਾਣ ਕੀਤੀ ਹੈ। ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਛਾਪੇ ਮਾਰ ਰਹੀ ਹੈ। ਡੀ ਐੱਸ ਪੀ ਸਾਧੂ ਰਾਮ ਤੇ ਸਿਟੀ ਥਾਣਾ ਇੰਚਾਰਜ ਇੰਸਪੈਕਟਰ ਧਰਮਵੀਰ ਨੇ ਗ੍ਰਿਫਤਾਰ ਮੁਲਜ਼ਮਾਂ ਦੀ ਪਛਾਣ ਸੰਜੂ ਵਾਸੀ ਭਾਰਤ ਨਗਰ, ਯਸ਼ ਵਾਸੀ ਪਟੇਲ ਬਸਤੀ ਬੇਗੂ ਰੋਡ, ਗਗਨਦੀਪ ਵਾਸੀ ਰਾਣੀਆਂ ਰੋਡ, ਕਮਲ ਵਾਸੀ ਕੀਰਤੀ ਨਗਰ, ਜਸ਼ਨ ਵਾਸੀ ਭਾਵਦੀਨ, ਕਰਨ ਤੇ ਵਿਸ਼ਾਲ ਵਾਸੀ ਸਬਜ਼ੀ ਮੰਡੀ ਸਿਰਸਾ ਵਜੋਂ ਕੀਤੀ ਹੈ।ਨੌਜਵਾਨ ਦੀ ਇਨ੍ਹਾਂ ਮੁਲਜ਼ਮਾਂ ਨੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਅਤੇ ਮਗਰੋਂ ਉਸ ਨੂੰ ਅਲਫ ਨੰਗਾ ਕਰਕੇ ਬਾਜ਼ਾਰ ਘੁਮਾਉਂਦੇ ਹੋਏ ਥਾਣੇ ਲੈ ਗਏ, ਜਿਸ ਮਗਰੋਂ ਪੁਲਸ ਹਰਕਤ 'ਚ ਆਈ ਤੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ।ਡੀ ਐੱਸ ਪੀ ਸਾਧੂ ਰਾਮ ਨੇ ਦੱਸਿਆ ਕਿ ਪੀੜਤ ਵਿਸ਼ਾਲ ਦੀ ਸ਼ਿਕਾਇਤ 'ਤੇ ਮੁਲਜ਼ਮਾਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।





TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਦੇਗ ਤੇਗ ਫ਼ਤਿਹ — ਪੰਥ ਕੀ ਜੀਤ

14 ਦਸੰਬਰ, ਦਿਨ ਬੁੱਧਵਾਰ......ਸੰਗਰਾਂਦ ਦਾ ਦਿਹਾੜਾ ਹੈ, ਸ਼ਾਮ ਨੂੰ ਦੀਵਾਨ ਸਜਣਗੇ ਅਤੇ ਲੰਗਰ ਵੀ ਹੋਵੇਗਾ।
17 ਦਸੰਬਰ, ਦਿਨ ਸ਼ਨਿੱਚਰਵਾਰ..ਸ਼ਾਮ 5:30 ਵਜੇ ਸਵ. ਭਾਈ ਮੱਲ ਸਿੰਘ ਬਰਾੜ ਪਿੰਡ ਸੁੱਖਾ ਨੰਦ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
18 ਦਸੰਬਰ, ਦਿਨ ਐਤਵਾਰ......ਸਵੇਰ ਨੂੰ ਲੰਗਰ ਦੀ ਸੇਵਾ ਭਾਈ ਸਤਵੰਤ ਸਿੰਘ ਰਨੌਤਾ ਪਰਿਵਾਰ ਅਤੇ ਭਾਈ ਦਰਸ਼ਨ ਸਿੰਘ ਮੰਡੇ ਪਰਿਵਾਰ ਵਲੋਂ ਹੋਵੇਗੀ।
18 ਦਸੰਬਰ, ਦਿਨ ਐਤਵਾਰ......12:30 ਵਜੇ ਸਵ. ਭਾਈ ਸੁਖਦੇਵ ਸਿੰਘ ਮੱਲ੍ਹੀ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
21 ਦਸੰਬਰ, ਦਿਨ ਬੁੱਧਵਾਰ.......ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।
24 ਦਸੰਬਰ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਲੰਗਰ ਦੀ ਸੇਵਾ ਗਿਆਨੀ ਸੁਰਿੰਦਰ ਸਿੰਘ ਅਤੇ ਪਰਿਵਾਰ ਵਲੋਂ ਹੋਵੇਗੀ।
25 ਦਸੰਬਰ, ਦਿਨ ਐਤਵਾਰ.......ਸਵੇਰ ਨੂੰ 9:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਅਤੇ ਲੰਗਰ ਵੀ ਹੋਵੇਗਾ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜ਼ਰੂਰੀ ਹੈ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੈਂਸ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ
ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ
ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events






Capacity
350-375 seats

Dream Catering "Your Venue, Our Food"

We provide various Menu
Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

**For Bookings, Contact: 604-203-7272**

7236 -120St, Surrey, BC

Email:info@dreambanquethall.ca

# PEACE FURNITURE

For The Peace Of Your Mind






ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

**604-902-1415**

#A/B/C 7967-128St, Surrey, BC V3W 4E7

Email:sales@peacefurnituire.ca
Web:www.peacefurniture.ca